# ਵਤਨੋਂ ਦੂਰ

Telephone: 734-1413
DEC. 75 and JAN. 76
50 cents

ਸੰਪਾਦਕ : ਸੁਰਿੰਦਰ ਧੰਜਲ



# We at MONARCH LIFE feel that the words SECURITY and LOVE go hand in hand



T. RAJ KAPAHI C.L.U.
*Unit Supervisor*
Res.: 433-3441

Why? Because, when a man worries about his family's financial future, in essense, their security, that is an expression of his love. However, we know that "financial planning" seems like a very complex term. So, we developed an analyser, which turns the words "financial planning" into a clear concise objective, or what you and your family want! . . . It's called Monogram. Are you worried about your financial security? Maybe Monogram and I can help?



RAVI MATHUR
*Representative*
Res.: 438-2307

## *The* Monarch Life

**ASSURANCE COMPANY**

**1520 - 777 HORNBY STREET, VANCOUVER 1, B.C. BUS. 684-5322**

---

## *KINGSGATE BODY SHOP LTD.*

HONDA

**Authorized Mazda Dealer Body Shop**

MAZDA

6856 PALM AVE.
BURNABY 1, B.C.

ONE BLOCK FROM
ROYAL OAK




SPECIALISED PERSONNEL

CALL:
AMIR DHANANI

SPECIALISED IN
ALL JAPANESE MODELS

**434-8311**
**434-6608**

GUJRATI, HINDI & URDU SPOKEN AT OUR SHOP

## Hi, There!
## We Care For Repair

ਹਰ ਕਿਸਮ ਦੇ ਟੈਲੀਵੀਜ਼ਨ,
ਸਟੀਰੀਓ, ਟੇਪ ਰੀਕਾਰਡਰ, ਰੇਡੀਓ ਅਤੇ ਫ਼ੋਨੋਗਰਾਫ਼
ਦੀ ਤਸੱਲੀਬਖ਼ਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ:

# ਟਰਾਂਸ-ਕੈਨੇਡਾ ਟੀ.ਵੀ
# TRANS-CANADA T.V.

14370—104 AVE., SURREY, B.C.

(guaranteed repair of color & B/W T.V.'s, stereos, Hi-Fi, Tape Recorders, Radios & Phonographs).

**PHONE: 588-7525 OR 588-2296**

OPENS 8 A.M. TO 10 P.M.
We install car-radios & tape deck.

**WE ALSO HAVE RADIO & CASSETTE RECORD — WORKS ON 220 VOLTS**

BEST

# Wishes to
# THE WATNO DŪR

FOR 1976

FROM

# DARSHAN BRAR M.A.



ਦਰਸ਼ਨ ਬਰਾੜ ਐੱਮ.ਏ.

of

# MARS REALTY LTD.

**5467 VICTORIA DR., VANCOUVER, B.C.**

**BUS. 327-8315**

**RES. 433-3334**

# MALKIAT SINGH ATHWAL



**SPECIALIZING IN LOW-COST TERM INSURANCE FOR MORTGAGES & LIFE INSURANCE. ALSO RETIREMENT SAVINGS PLANS WITH HIGH RATE OF RETURN. CHECK OUR RATES BEFORE OBLIGATING YOURSELF — FINANCIAL PLANNING FOR FUTURE — AND INCOME TAX INFORMATION.**

## OFFICE: 521-3778 RES.: 980-9630

ਆਪਣੀ ਬਹੁਮੁਲੀ ਕਮਾਈ ਦੀ ਜੀਵਨ-ਬੀਮੇ ਰਾਹੀਂ ਵੱਧ ਤੋ ਵੱਧ ਪ੍ਰੋਟੈਕਸ਼ਨ ਲੈਣ ਲਈ, ਪੈਸੇ
ਦੀ ਠੀਕ ਪਲੈਨਿੰਗ ਲਈ, ਟੈਕਸ-ਬੱਚਤ ਲਈ ਅਤੇ ਭਵਿੱਖ ਦੀ ਆਮਦਨ ਲਈ

ਮਲਕੀਤ ਸਿੰਘ ਅਠਵਾਲ •

ਨੂੰ ਸੇਵਾ ਦਾ ਮੌਕਾ ਦਿਓ।

# GILL INSURANCE SERVICES CO. LTD.

**B – 3905 KNIGHT ST.**
**( AT KINGSWAY )**
**VANCOUVER, B.C.**

## AUTO – FIRE – LIFE

**OFFICE : 879-5522**
**RES. : 434-7757**

( ਸੁਰਜੀਤ ਗਿੱਲ )

## ਗਿੱਲ ਇਨਸੋਅਰੈਂਸ ਸਰਵਿਸਜ਼ ਕੰਪਨੀ ਲਿਮਟਡ

LITERARY & CULTURAL MONTHLY OF PANJABI

# THE WATNO DŪR

MAILING ADDRESS:
POST BOX No. 1041
COQUITLAM, B.C. CANADA
V3J 6Z4

ਵਤਨੋਂ ਦੂਰ

OFFICE ADDRESS:
No. 214–1956 WEST BROADWAY
VANCOUVER, B.C. CANADA
V6J 1Z2

VOLUME 4 | SECOND CLASS MAIL REGISTRATION NO. 3233 | DEC. 75 & JAN. 76

**FOUNDER:**
TARA SINGH HAYER
**PUBLISHER:**
CHARANJEET SI DHOO
**EDITOR:**
SURINDER DHANJAL
**ADVERTISING EDITOR:**
DALJIT TOOR
**ART EDITOR:**
NIRMAL DHALIWAL

**EDITORIAL BOARD:**
AJMER RODEY
BHUPINDER DHALIWAL

**CIRCULATION BOARD:**
KARAMJIT GHUMAN ............. SURREY
SUKHPAL TALLEWALIA ......... BURNABY
BALBIR DHALIWAL ............. BURNABY
GURCHARAN TALLEWALIA .... RICHMOND
LATT BHINDER ............... KAMLOOPS
HARNEK MANN .............. PR. GEORGE
JOGINDER AULAKH .......... PR. GEORGE
SURDEV JATANA ............. PR. RUPERT
RUPINDER SINGH ............ MONTREAL
RAJ SINGH MANN.............. WINNIPEG
KASHMIRA SINGH CHAMAN .... CALGARY

**SUBSCRIPTIONS:**
ANNUAL: $5.00
HALF YEAR: $3.00
ONE COPY: 50 cents

**TELEPHONE**
**734-1413**

**MONDAY TO FRIDAY**
**5 p.m. to 8 p.m.**

## ਐਡੀਟੋਰੀਅਲ

ਅਕਤੂਬਰ ਨਵੰਬਰ 75 ਵਿੱਚ ਕੈਨੇਡਾ ਦੀ ਲੰਬੀ ਡਾਕ ਹੜਤਾਲ ਤੇ ਡਾਕ-ਵਿਭਾਗ ਵੱਲੋਂ ਸਾਰੇ ਪਾਠਕਾਂ ਦੇ ਸਿਰਨਾਵਿਆਂ ਦੀਆਂ ਲਿਸਟਾਂ ਤੇ ਛੇਤੀ ਤੋਂ ਛੇਤੀ ਪੋਸਟਲ ਕੋਡ ਲਾਏ ਜਾਣ ਦੀ ਮੰਗ — ਦੋ ਅਹਿਮ ਕਾਰਣਾਂ ਕਰਕੇ, 'ਵਤਨੋਂ ਦੂਰ' ਦੇ ਜਨਮ ਤੋਂ ਲੈਕੇ ਹੁਣ ਤੱਕ ਪਹਿਲੀ ਵਾਰ ਅਸੀਂ ਦੋ ਅੰਕਾਂ ਦੀ ਥਾਂ, ਦਸੰਬਰ 75 ਤੇ ਜਨਵਰੀ 76 ਦਾ ਇਕੱਠਾ ਅੰਕ ਪ੍ਰਕਾਸ਼ਤ ਕਰ ਰਹੇ ਹਾਂ। ਗੁਰੂ ਤੇਗ ਬਹਾਦੁਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਦਾ ਸਾਲ 1975 ਚਲਾ ਗਿਆ ਹੈ ਤੇ 1976 ਨੇ ਆ ਦਸਤਕ ਦਿੱਤੀ। ਜਨਵਰੀ ਅਤੇ ਦਸੰਬਰ ਦੇ ਇਨ੍ਹਾਂ ਮਹੀਨਿਆਂ ਨਾਲ ਮਾਨਵਤਾ ਦੀਆਂ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਹਨ:

ਜਲ੍ਹਿਆਂ ਵਾਲਾ ਬਾਗ਼ ਦੇ ਹੱਤਿਆ ਕਾਂਡ ਦੇ ਜ਼ਿੰਮੇਵਾਰ ਕੁਕਰਮੀ ਸਰ ਮਾਈਕਲ ਓਡਵਾਇਰ ਤੋਂ ਕੌਮੀ ਅਪਮਾਨ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਸੁਨਾਮ ਦਾ ਜਨਮ ਦਿਨ (26 ਦਸੰਬਰ 1899);

ਦਸੰਬਰ 1847 ਵਿੱਚ ਸੰਸਾਰ ਪ੍ਰਸਿੱਧ ਰੂਸੀ ਸਾਹਿੱਤਕਾਰ ਫਿਓਦੋਰ ਐੱਮ. ਦਾਸਤੋਵਸਕੀ ਨੂੰ ਉਸਦੀਆਂ ਅਗਾਂਹਵਧੂ ਲਿਖਤਾਂ ਕਰਕੇ ਜ਼ਾਲਮ-ਜ਼ਾਰ-ਹਕੂਮਤ ਵੱਲੋਂ ਮਿਲੀ ਫਾਂਸੀ ਦੀ ਸਜ਼ਾ (ਜੋ ਬਾਅਦ ਵਿੱਚ 4 ਸਾਲਾਂ ਦੀ ਸਖ਼ਤ-ਮੁਸ਼ੱਕਤ ਵਿੱਚ ਤਬਦੀਲ ਹੋ ਗਈ ਸੀ);

ਸਿੱਖ ਕੌਮ ਵਿੱਚ ਨਵੀਂ ਰੂਹ ਫੂਕ ਦੇਣ ਵਾਲੇ ਗੁਰੂ ਗੋਬਿੰਦ ਸਿੰਘ ਦਾ 8 ਜਨਵਰੀ ਨੂੰ ਮਨਾਇਆ ਜਾ ਰਿਹਾ ਜਨਮ-ਦਿਨ;

1917 ਦੇ ਰੂਸੀ ਇਨਕਲਾਬ ਤੋਂ ਪਿੱਛੋਂ ਮਨੁੱਖੀ ਇਤਿਹਾਸ ਦੇ ਦੂਜੇ ਮਹਾਨ ਇਨਕਲਾਬ (ਚੀਨ: 1949) ਦੇ ਪਹਿਲੀ ਕਤਾਰ ਦੇ ਲੋਕ-ਨੇਤਾ ਚੂ-ਇਨ-ਲਾਈ ਦਾ ਦੇਹਾਂਤ (8 ਜਨਵਰੀ 1976);

— ਇਹ ਵਿਅਕਤੀ ਭਾਵੇਂ ਵੱਖ ਵੱਖ ਸਮੇਂ, ਵੱਖ ਵੱਖ ਥਾਵਾਂ ਤੇ, ਵੱਖ ਵੱਖ ਖੇਤਰਾਂ ਵਿੱਚ ਜੂਝੇ ਪਰ ਮਨੁੱਖੀ ਜ਼ਿੰਦਗੀ ਦੀਆਂ ਸਾਰਥਕ ਕੀਮਤਾਂ ਵਿੱਚ ਅਟੁੱਟ ਵਿਸ਼ਵਾਸ ਇਨ੍ਹਾਂ ਦਾ ਸਾਂਝਾ ਪ੍ਰੇਰਣਾ ਸਰੋਤ ਸੀ। ਅਸੀਂ ਇਨ੍ਹਾਂ ਸੂਰਬੀਰਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।

ਇਸ ਅੰਕ ਤੋਂ ਅਸੀਂ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦਾ ਜੀਵਨ-ਵਿਸ਼ਲੇਸ਼ਣ ਕਰਦਾ ਸਥਾਈ ਕਾਲਮ 'ਆਪਣੇ ਲੋਕ' ਸ਼ੁਰੂ ਕਰ ਰਹੇ ਹਾਂ ਜਿਸਦੀ ਰੂਪ ਰੇਖਾ ਸਾਡੇ ਐਡੀਟੋਰੀਅਲ ਬੋਰਡ ਦੇ ਸੁਘੜ ਮੈਂਬਰ ਅਜਮੇਰ ਰੋਡੇ ਨੇ ਚਿਤਰੀ ਹੈ। ਉਂਞ ਤਾਂ ਕੋਈ ਵੀ ਬੇਗਾਨਾ ਨਹੀਂ, ਪਰ ਪੰਜਾਬੀਆਂ ਵੱਲੋਂ, ਕੈਨੇਡਾ ਵਿਚ ਵਸਦੇ ਪੰਜਾਬੀਆਂ ਜਾਂ ਭਾਰਤੀਆਂ ਬਾਰੇ ਗੱਲ ਕਰਦਿਆਂ 'ਆਪਣੇ ਲੋਕ' ਸ਼ਬਦ ਦੀ ਵਰਤੋਂ ਜਿਸ ਵਿਸ਼ੇਸ਼ ਅੰਦਾਜ਼ ਨਾਲ ਕੀਤੀ ਜਾਣ ਲੱਗ ਪਈ ਹੈ, ਉਸਦੀ ਰੌਸ਼ਨੀ ਵਿੱਚ ਇਹ ਨਾਂ ਓਪਰਾ ਨਹੀਂ।

'ਆਪਣੇ ਲੋਕ' ਨਾਂ ਤੇ ਆਧਾਰਤ ਇਸ ਵਾਰ ਦਾ ਮੁੱਖ ਚਿਤਰ ਵੀ ਅਜਮੇਰ ਦੀ ਸੋਚਣੀ ਦਾ ਹੀ ਕਮਾਲ ਹੈ।

— ਸੁਰਿੰਦਰ ਧੰਜਲ



ਮਾਈਕਲ ਬੁੱਲਕ

ਮਾਈਕਲ ਬੁੱਲਕ, ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵੈਨਕੂਵਰ ਦੇ ਕਰੀਏਟਿਵ ਰਾਈਟਿੰਗ ਵਿਭਾਗ ਵਿੱਚ ਐਸੋਸੀਏਟ ਪ੍ਰੋਫੈਸਰ ਅਤੇ 'ਅਨੁਵਾਦ-ਪ੍ਰੋਗਰਾਮ' ਦੇ ਇੰਚਾਰਜ ਹਨ। ਉਹ ਇੰਗਲੈਂਡ ਦੇ ਕਵਿਤਾ ਦੇ ਪੱਤਰ 'ਐਕਸਪ੍ਰੈਸ਼ਨ' (EXPRESSION) ਦੇ ਬਾਨੀ ਹਨ ਤੇ ਚਾਰ ਸਾਲ ਉਸਦੇ ਸੰਪਾਦਕ ਰਹੇ ਹਨ। ਕੈਨੇਡਾ ਵਿੱਚ ਉਹ 'ਪ੍ਰਿਜ਼ਮ ਇੰਟਰਨੈਸ਼ਨਲ' (PRISM INTERNATIONAL) ਦੇ ਮੁੱਖ-ਸੰਪਾਦਕ ਅਤੇ 'ਕੈਨੇਡੀਅਨ ਫਿਕਸ਼ਨ ਮੈਗਜ਼ੀਨ' (CANADIAN FICTION MAGAZINE) ਦੇ ਸੰਪਾਦਕੀ ਬੋਰਡ ਦੇ ਮੈਂਬਰ ਹਨ। ਹੁਣ ਤੱਕ ਉਨ੍ਹਾਂ ਦੀਆਂ ਹੇਠ ਲਿਖੀਆਂ 11 ਮੌਲਿਕ ਪੁਸਤਕਾਂ ਛਪ ਚੁਕੀਆਂ ਹਨ:

ਕਾਵਿ-ਸੰਗ੍ਰਹਿ:

TRANSMUTATIONS
SUNDAY IS A DAY OF INCEST
WORLD WITHOUT BEGINNING AMEN
ZWEI STIMMEN IN MEINEM MUND
A SAVAGE DARKNESS

ਗਲਪ-ਰਚਨਾਵਾਂ:

SIXTEEN STORIES AS THEY HAPPENED
GREEN BEGINNING BLACK ENDING
RANDOLPH CRANSTONE & THE PURSUING RIVER

ਨਾਟਕ:

NOT TO HONGKONG
THE ISLAND ABODE OF BLISS
COUPLE

ਮੌਲਿਕ-ਰਚਨਾ ਤੋਂ ਇਲਾਵਾ ਉਨ੍ਹਾਂ ਨੇ ਜਰਮਨ, ਫਰੈਂਚ ਤੇ ਇਟਾਲੀਅਨ ਬੋਲੀਆਂ ਦੇ ਉੱਤਮ ਲੇਖਕਾਂ ਦੀਆਂ ਲਗਭਗ 150 ਪੁਸਤਕਾਂ ਅਨੁਵਾਦ ਕੀਤੀਆਂ ਹਨ। ਉਨ੍ਹਾਂ ਦੀਆਂ ਆਪਣੀਆਂ ਰਚਨਾਵਾਂ ਜਰਮਨ, ਫਰੈਂਚ, ਪੋਲਿਸ਼, ਸਪੈਨਿਸ਼, ਰੂਮਾਨੀ, ਜਾਪਾਨੀ, ਚੀਨੀ ਤੇ ਪੰਜਾਬੀ ਵਿੱਚ ਅਨੁਵਾਦ ਹੋ ਚੁਕੀਆਂ ਹਨ। ਪ੍ਰਭਾਵਸ਼ਾਲੀ ਸ਼ਖ਼ਸੀਅਤ ਮਾਈਕਲ ਬੁੱਲਕ ਇਕ ਗੰਭੀਰ ਗਰਾਫ਼ਿਕ ਆਰਟਿਸਟ ਵੀ ਹਨ। 1966 ਵਿੱਚ ਉਨ੍ਹਾਂ ਨੂੰ ਜਰਮਨ ਸਰਕਾਰ ਵੱਲੋਂ 'SCHLEGEL-TIECK ਜਰਮਨ ਅਨੁਵਾਦ ਪੁਰਸਕਾਰ' ਪ੍ਰਦਾਨ ਕੀਤਾ ਗਿਆ। ਉਨ੍ਹਾਂ ਦੀਆਂ ਚਿੱਤਰ-ਪ੍ਰਦਰਸ਼ਨੀਆਂ ਇੰਗਲੈਂਡ ਤੇ ਜਰਮਨੀ ਵਿੱਚ ਵਿਖਾਈਆਂ ਜਾ ਚੁੱਕੀਆਂ ਹਨ। (ਸੁਰਿੰਦਰ ਧੰਜਲ)

## 1. ਚੱਤੇ ਸੁਪਨੇ ਲੈਂਦੇ

ਚੱਤੇ ਸੁਪਨੇ ਲੈਂਦੇ
ਮੈਂ ਆਪਣੇ ਸੁਪਨਿਆਂ ਨੂੰ
ਖ਼ਾਲੀਪਨ ਵਿੱਚ ਸਰਸਰਾਉਣ ਲਈ ਛੱਡ ਦੇਂਦਾ ਹਾਂ
ਖ਼ਾਲੀਪਨ ਦੂਰ ਦੂਰ ਤੱਕ ਫੈਲਿਆ
ਪੀਲੀਆਂ-ਸੁਰਮਈ ਕੰਧਾਂ ਨਾਲ ਜਕੜਿਆ ਹੋਇਆ ਹੈ

ਮਰੇ ਪੰਛੀਆਂ ਦਾ ਦੁੱਖ
ਮੇਰੇ ਮਨ 'ਤੇ ਹਮਲਾ ਕਰਦਾ ਹੈ
ਮੇਰਾ ਮਨ ਲਾਲ ਸੂਹੀਆਂ ਉਡਾਰੀਆਂ
ਤੇ ਖੰਭਾਂ ਨਾਲ ਖੁੱਲ੍ਹਿਆ ਪਿਆ ਹੈ

ਸਖ਼ਤ ਪੱਥਰ 'ਤੇ ਸਿਲਕੀ ਸਲੀਪਰ
ਤੇ ਪੈਰ ਲਹੂ ਲੁਹਾਨ ਪਿਆ ਹੈ
ਪੈਰ ਜਿਹੜਾ ਸਜਰੇ ਸ਼ੀਸ਼ੇ ਨਾਲ ਝੁਲਸ ਗਿਆ ਸੀ

ਹੌਲੀ ਹੌਲੀ ਮਰਦੀ ਤਬਾਹਕੁਨ ਅੱਗ ਸਾਨੂੰ ਨੰਗਿਆਂ ਛੱਡ ਦੇਂਦੀ ਹੈ
ਜਿਵੇਂ ਬੱਦਲ ਪਾਰਦਰਸ਼ੀ ਹੋਕੇ ਅਲੋਪ ਹੋ ਜਾਂਦੇ ਨੇ

ਰੁੱਖ ਆਪਣੇ ਹੀ ਪਰਛਾਵਿਆਂ ਸੰਗ
ਮੱਲੋਮੱਲੀ ਪਿਆਰ 'ਚ ਪੈ ਗਏ ਨੇ

ਤੇਰੇ ਦੂਰ ਦੁਰਾਡੇ ਮਨ ਨੂੰ ਅੱਗ ਲਾਉਣ ਲਈ
ਮੇਰਾ ਹੱਥ ਕਾਗ਼ਜ਼ਾਂ ਉੱਤੇ ਮਸ਼ਾਲਾਂ ਬਾਲ ਰਿਹਾ ਹੈ

## 2. ਯਾਦ

ਯਾਦ ਦਾ ਨਕਾਬੀ ਚਿਹਰਾ
ਮੈਨੂੰ ਤੇਰੇ ਬਾਗ਼ ਦੇ ਪਾਣੀਆਂ 'ਚ ਤਰਨ ਦਾ ਸੱਦਾ ਦੇਂਦਾ ਹੈ
ਤੇਰੇ ਬਾਗ਼ 'ਚ ਚਿੱਟੀਆਂ ਘੁੱਗੀਆਂ ਕੀੜਿਆਂ ਵਿਚਾਲੇ ਮਰਦੀਆਂ ਨੇ
ਅਤੇ ਲਿਲੀ ਦੇ ਲਾਲ ਫੁੱਲ ਚੁੱਪ ਦੇ ਰਾਜ਼ 'ਤੇ ਹਮਲਾ ਕਰਦੇ ਨੇ

ਹਰ ਰੁੱਖ ਨਾਲ ਜੜੇ ਹੱਥ
ਵਿਛੜੇ ਹੋਏ ਪ੍ਰੇਮੀਆਂ ਨੂੰ ਅਲਵਿਦਾ ਕਹਿੰਦੇ ਨੇ
ਅਤੇ ਸਿਆਹੀ ਬਾਗ਼ਬਾਨ
ਫੁੱਲਾਂ ਨੂੰ ਗਾੜ੍ਹੇ ਤਾਰਪੀਨ ਦਾ ਪਾਣੀ ਲਾਉਂਦੇ ਨੇ

ਕੰਧਾਂ ਤੋਂ ਬਾਹਰਵਾਰ
ਇਕ ਭੁੱਖੀ ਭੀੜ ਤਤਪਰਤਾ ਨਾਲ ਉਡੀਕ ਕਰਦੀ ਹੈ
ਰੋਜ਼ਾਨਾ ਵੰਡੀ ਜਾਣ ਵਾਲੀ ਮਾਸ ਦੀ ਰਹਿੰਦ-ਖੂੰਹਦ ਦੀ

ਜਦੋਂ ਕਿ ਔਰਗਨ ਦੀ ਧੁਨ
ਮੱਖੀਆਂ ਦੀ ਪਾਗ਼ਲ ਭਿਣਵੀ ਦਾ ਸਾਥ ਦੇਂਦੀ ਹੈ

ਦੱਬਿਆ ਖ਼ਜ਼ਾਨਾ ਲੱਭੇ ਜਾਣ ਦਾ ਤਰਲਾ ਕਰਦਾ ਹੈ
ਜਿਵੇਂ ਮਿੱਟੀ 'ਚੋਂ ਮਨੁੱਖੀ ਵਾਲ ਫੁੱਟ ਪੈਣ

## ਪਿਆਰ ਕਵਿਤਾ

ਕਮਰਾ ਖ਼ਾਲੀ ਹੈ ਅਤੇ ਤੇਰੀ ਉਡੀਕ ਕਰ ਰਿਹਾ ਹੈ
ਕਿ ਤੂੰ ਆਏਂ ਤੇ ਤੇਰੀਆਂ ਬੁੱਕਾਂ ਪਾਣੀ ਨਾਲ ਭਰੀਆਂ ਹੋਣ

ਤੇਰੀਆਂ ਸਬਜ਼-ਲਿਲੀ ਅੱਖਾਂ 'ਚ
ਮੱਛੀਆਂ ਚਮਕ ਰਹੀਆਂ ਨੇ

ਦੂਰ ਸਬਜ਼ ਪਰਾਂ 'ਚ
ਪੱਤੇ ਪਿਆਰ ਦੀ ਕਲਾ 'ਤੇ ਪੁਸਤਕਾਂ ਲਿਖ ਰਹੇ ਨੇ

ਤੇਰੇ ਵਾਲ ਅੰਦਰ ਨੂੰ ਝੂਲਦੇ ਨੇ
ਜਿਵੇਂ ਦਰਵਾਜ਼ੇ ਹੇਠੋਂ ਧੁੰਦ ਲੰਘ ਆਈ ਹੋਵੇ

ਨੰਗੇ ਪੈਰੀਂ ਤੁਰਦਿਆਂ
ਮੈਨੂੰ ਆਪਣੇ ਪੈਰਾਂ ਦੀਆਂ ਤਲੀਆਂ 'ਚ ਤੇਰੀਆਂ ਯਾਦਾਂ ਦਾ ਪਤਾ ਲਗਦਾ ਹੈ

ਜਦੋਂ ਤੂੰ ਪਾਣੀ ਬਿਖਰਾਉਂਦੀ ਹੈਂ
ਫ਼ਰਸ਼ 'ਤੇ ਦਰੱਖਤ ਉੱਗ ਪੈਂਦੇ ਨੇ

ਉਨ੍ਹਾਂ ਦੀਆਂ ਟਾਹਣੀਆਂ ਉਤੇ
ਅਸਮਾਨੀ ਪੰਛੀ ਆਲ੍ਹਣੇ ਪਾਉਂਦੇ ਨੇ

ਘੰਟੀ ਵੱਜਣ 'ਚ ਅਜੇ ਦੇਰ ਹੈ
ਪਰ ਉਸਦੀਆਂ ਬਲੌਰੀ ਪੱਤੀਆਂ ਪਹਿਲਾਂ ਹੀ ਛਣਛਣਾ ਰਹੀਆਂ ਨੇ

ਜਦੋਂ ਮੈਂ ਰੇਸ਼ਮੀ ਡੋਰੀ ਖਿਚਾਂਗਾ
ਮਕਾਨ ਹਵਾ 'ਚ ਉਠ ਕੇ ਉੱਚਾ ਉੱਡ ਜਾਏਗਾ

ਅਤੇ ਮੈਂ ਬੈਠ ਤੇਰੇ ਆਉਣ ਦੀ ਉਡੀਕ ਕਰਾਂਗਾ
ਕਿ ਤੂੰ ਆਏਂ ਤੇ ਤੇਰੀਆਂ ਬੁਕਾਂ ਪਾਣੀ ਨਾਲ ਭਰੀਆਂ ਹੋਣ

## 4. ਜਦੋਂ ਬਰਫ਼ ਪਿਘਲਣੀ ਸ਼ੁਰੂ ਹੁੰਦੀ ਹੈ

ਹਫ਼ਤਿਆਂ ਤੋਂ
ਬਰਫ਼ ਨੇ ਸਾਰੇ ਦੁਆਲੇ ਕੰਧਾਂ ਉਸਾਰੀਆਂ ਹੋਈਆਂ ਨੇ
ਅਤੇ ਮੈਂ ਪੌੜੀਆਂ ਚੜ੍ਹ ਚੜ੍ਹ
ਪਹਾੜ ਦੇ ਦੂਸਰੇ ਪਾਸੇ ਸੂਰਜ
ਅਤੇ ਤੈਨੂੰ ਵੇਖਣ ਦਾ ਯਤਨ ਕਰਦਾ ਰਿਹਾ ਹਾਂ

ਸਮੇਂ ਸਮੇਂ ਇਕ ਨੀਲਾ ਪਰਚਮ
ਅਸਮਾਨ 'ਚ ਫੜਫੜਾਇਆ ਹੈ
ਅਤੇ ਮੈਂ ਸੋਚਿਆ ਕਿ ਤੂੰ ਸਤਰੰਗੀ ਪੀਂਘ ਬਾਰੇ
ਜਾਂ ਉਸ ਸਕਾਰਫ਼ ਬਾਰੇ ਕੁਝ ਦੱਸਣ ਦੇ ਯਤਨ 'ਚ ਸੈਂ
ਜਿਹੜਾ ਤੂੰ ਰੁਖਾਂ ਨੂੰ ਦੂਰ ਲੈ ਜਾਣ ਲਈ ਹਵਾ ਦਿੱਤਾ ਸੀ

ਹੁਣ ਜਦੋਂ ਕਿ ਬਰਫ਼ ਪਿਘਲਣੀ ਸ਼ੁਰੂ ਹੋ ਗਈ ਹੈ
ਅਤੇ ਪੰਛੀ ਆਸੇ ਪਾਸੇ ਉਨ੍ਹਾਂ ਟਾਹਣੀਆਂ ਨੂੰ
ਭਾਲ ਰਹੇ ਨੇ ਜਿਹੜੀਆਂ ਉਨ੍ਹਾਂ ਤੋਂ ਖੁੱਸ ਗਈਆਂ ਸਨ
ਮੈਂ ਤੇਰੀ ਵੱਲ ਆਉਣ ਲਈ ਛੱਤਾਂ ਅਤੇ ਅਸਮਾਨ ਦੇ
ਚਿੱਟੇ ਪੱਥਰਾਂ ਉਤੇ ਤੁਰਨਾ ਸ਼ੁਰੂ ਕਰ ਦਿੱਤਾ ਹੈ

ਜਦੋਂ ਮੈਂ ਤੇਰੇ ਕੋਲ ਪਹੁੰਚਾਂਗਾ
ਮੈਂ ਤੈਨੂੰ ਇੱਕ ਕਰਾਮਾਤ ਦਿਆਂਗਾ
ਜਿਹੜੀ ਮੈਨੂੰ ਰਸਤੇ 'ਚੋਂ ਲੱਭੀ ਸੀ
ਅਤੇ ਜਿਸਨੂੰ ਮੈਂ ਖੀਸੇ ਵਿੱਚ ਰੱਖ ਲਿਆ ਸੀ
ਤਾਂ ਜੋ ਮੈਂ ਆਪਣੇ ਲਈ ਪਉੜੀਆਂ ਰੁਸ਼ਨਾ ਸਕਾਂ
ਪੰਛੀ ਤੇਰਾ ਸਕਾਰਫ਼ ਝਰੋਖੇ ਥਾਣੀਂ ਤੈਨੂੰ ਵਾਪਸ ਲਿਆ ਦੇਣਗੇ
ਅਤੇ ਮੇਰੇ ਕੋਲ ਵਕਤ ਹੋਏਗਾ

ਕਿ ਮੈਂ ਉਨ੍ਹਾਂ ਘਟਾ-ਘੜੀਆਂ ਦਾ ਖੰਡਨ ਕਰਾਂ
ਜਿਨ੍ਹਾਂ ਤੈਨੂੰ ਕੈਦੀ ਬਣਾ ਰੱਖਿਆ ਹੈ

ਮਾਈਕਲ ਬੁੱਲਕ ਦੀਆਂ ਉਪਰੋਕਤ ਕਵਿਤਾਵਾਂ 'ਵਤਨੋਂ ਦੂਰ' ਲਈ ਸੁਰਜੀਤ ਕਲਸੀ ਨੇ ਅਨੁਵਾਦ ਕੀਤੀਆਂ ਹਨ। ਸੁਰਜੀਤ, ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿੱਚ ਕਰੀਏਟਿਵ ਰਾਈਟਿੰਗ ਦੀ M.F.A. ਦੀ ਵਿਦਿਆਰਥਣ ਹੈ। ਮਾਈਕਲ ਬੁੱਲਕ ਦੀਆਂ ਇਹ ਕਵਿਤਾਵਾਂ ਉਨ੍ਹਾਂ ਦੇ 1969 ਵਿੱਚ ਪ੍ਰਕਾਸ਼ਤ ਹੋਏ ਕਾਵਿ-ਸੰਗ੍ਰਹਿ 'ਇਕ ਵਹਿਸ਼ੀ ਹਨੇਰਾ' (A SAVAGE DARKNESS) ਵਿੱਚੋਂ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਮੌਲਿਕ ਨਾਮ ਇਹ ਹਨ:

'DREAMING LEAVES', 'MEMORY', 'LOVE POEM'
& 'AS THE SNOW BEGINS TO THAW'

(ਸੰਪਾਦਕ)



# ਸਾਹਿੱਤਕਾਰਾਂ ਨੂੰ

ਜੀ. ਐੱਸ. ਗਿੱਲ

ਇਹ ਇਨਕਲਾਬਾਂ ਦਾ ਯੁਗ ਹੈ
ਦੁਨੀਆਂ ਦੇ ਇਨਕਲਾਬ ਦਾ ਰਾਹ
ਮਾਸਕੋ ਤੋਂ ਸ਼ੁਰੂ ਹੋਕੇ
ਸ਼ੰਘਾਈ ਵਿੱਚੋਂ ਦੀ ਲੰਘਕੇ
ਅੱਜ ਕਲਕੱਤੇ ਦੀਆਂ ਗਲੀਆਂ ਵਿੱਚ
ਧੜਕ ਅੱਗੇ ਵਧ ਰਿਹਾ ਹੈ
ਹੱਥਾਂ ਵਿੱਚ ਬੰਦੂਕਾਂ ਲਈ
ਬੇਸ਼ੱਕ ਖ਼ੂਨ ਨਾਲ ਲੱਥ ਪੱਥ
ਪਰ ਅਡੋਲ ਤੇ ਨਿਧੜਕ ਹੋਕੇ
ਇਸਨੂੰ ਅੱਗੇ ਵਧਾ ਰਹੇ ਹਨ
ਹਿੰਦੋਸਤਾਨ ਦੇ ਕਿਸਾਨ ਤੇ ਮਜ਼ਦੂਰ
ਸਾਰੀ ਦੁਨੀਆਂ ਦੀਆਂ ਅੱਖਾਂ
ਅੱਜ ਹਿੰਦੁਸਤਾਨ ਵੱਲ ਹਨ
ਜਿੱਥੇ ਖ਼ੂਨ ਨਾਲ ਉਲੀਕੀ ਜਾ ਰਹੀ ਹੈ
ਦੁਨੀਆਂ ਦੇ ਕਾਮਿਆਂ ਦੀ ਕਿਸਮਤ

ਬੇਸ਼ੱਕ ਤੁਸੀਂ ਇਨਕਲਾਬਾਂ ਦੀ ਗੱਲ ਲਿਖਦੇ ਹੋ
ਹਿੰਦੁਸਤਾਨ ਦੇ ਮਜ਼ਦੂਰ ਕਿਸਾਨਾਂ ਦੀ ਗੱਲ ਕਰਦੇ ਹੋ
ਦੁਨੀਆਂ ਦੇ ਕਾਮਿਆਂ ਦੀ ਮਿਹਨਤ
ਤੇ ਹੋ ਰਹੀ ਲੁੱਟ ਮਾਰ ਦੀ ਗੱਲ ਕਰਦੇ ਹੋ
ਹਰ ਉਹ ਗੱਲ ਲਿਖਦੇ ਹੋ
ਜੋ ਤੁਹਾਨੂੰ ਬਣਾ ਸਕੇ
ਮਜ਼ਦੂਰ - ਕਿਸਾਨ ਜਾਂ
ਸਰਫ਼ਰੋਸ਼ ਇਨਕਲਾਬੀਆਂ ਦਾ ਕਵੀ।

ਤੁਸੀਂ ਜੋ ਲਿਖਦੇ ਹੋ
ਵਿੰਗੇ ਟੇਢੇ, ਸਿੱਧੇ-ਪੁੱਠੇ ਢੰਗਾਂ ਨਾਲ
ਗੂੜ੍ਹ ਦੀ ਲੋਟ 'ਚ ਲਪੇਟ ਕੇ
ਜਾਂ ਹਨੇਰੀਆਂ ਰਾਤਾਂ ਦੀ
ਕਾਲਖ਼ 'ਚ ਲੁਕੋ ਕੇ
ਪਿਆਰ ਹੁਸਨ ਜਾਂ ਪੱਤਿਆਂ ਦੀ ਛਾਂ 'ਚ
ਜਾਂ ਕਿਸੇ ਦੀਆਂ ਜ਼ੁਲਫ਼ਾਂ 'ਚ ਉਲਝਾਕੇ
ਸਮੁੰਦਰ ਦੀ ਕਿਸੇ ਬਲਦੀ ਤੜਪਦੀਆਂ ਗੱਲਾਂ
ਜਿਹਨਾਂ ਦਾ ਉਹਨਾਂ ਜੁਗ-ਪਲਟਾਊ
ਮਜ਼ਦੂਰਾਂ ਕਿਸਾਨਾਂ ਨਾਲ
ਕੋਈ ਵਾਸਤਾ ਨਹੀਂ
ਜਿਨ੍ਹਾਂ ਦਾ ਤੁਸੀਂ ਆਪਣੇ ਆਪ ਨੂੰ
ਬਣਾਉਣ ਦੀ ਕੋਸ਼ਿਸ਼ 'ਚ ਹੋ
ਤੁਹਾਡਾ ਤੇ ਤੁਹਾਡੀ ਕਵਿਤਾ ਦਾ ਵਾਸਤਾ ਹੈ
ਸਿਰਫ਼ ਕਿਸੇ ਕੌਫ਼ੀ-ਸ਼ਾਪ ਦੀ
ਰੰਗੀਨ ਟੇਬਲ ਤੱਕ
ਜਿਥੇ ਤੁਹਾਨੂੰ ਵਾਹ ਵਾਹ ਮਿਲਦੀ ਹੈ
ਕਿਸੇ ਤੁਹਾਡੇ ਵਰਗੇ ਤੋਂ ਹੀ।

ਅੱਜ ਜਦੋਂ ਕਿ ਦੁਨੀਆਂ ਦੇ ਲੋਕ
ਇਨਕਲਾਬ ਲੜ ਰਹੇ ਹਨ
ਕੌਮਾਂ ਮੁਕਤ ਹੋ ਰਹੀਆਂ ਹਨ
ਅਮਰੀਕੀ ਸਾਮਰਾਜ
ਤੇ ਰੂਸੀ ਸੋਧਵਾਦ
ਆਪਣੇ ਮੁਕੰਮਲ ਖ਼ਾਤਮੇ ਵੱਲ ਜਾ ਰਹੇ ਹਨ

ਤਾਂ ਅੱਜ ਅੰਗਾਰ ਲਿਖਣ ਦੀ ਲੋੜ ਹੈ
ਸਿੱਧੇ ਸਾਦੇ ਕਾਮਿਆਂ ਲਈ
ਸਿੱਧੇ ਲਫ਼ਜ਼ਾਂ ਵਿੱਚ
ਸਿੱਧੇ ਤੌਰ ਤੇ ਵੰਗਾਰ ਕੇ ਕਹੋ
ਦੁਨੀਆਂ ਭਰ ਦੇ ਕਿਰਤੀਓ
ਇੱਕ ਮੁੱਠ ਹੋ ਜਾਓ
ਭਜਾ ਦਿਓ ਸਾਮਰਾਜੀ ਦੈਂਤਾਂ
ਤੇ ਉਹਨਾਂ ਦੇ ਪਿਛਲੱਗ ਕੁੱਤਿਆਂ ਨੂੰ
ਜਿਹਨਾਂ ਨੇ ਕਤਲ ਕੀਤੀ ਹੈ ਮਨੁੱਖਤਾ
ਛਾਨਣੀ ਕੀਤੀ ਹੈ ਹਿੱਕ ਧਰਤੀ ਦੀ
ਆਪਣੇ ਨਾਪਾਕ ਕਦਮਾਂ ਨਾਲ

ਲੋਹਾ ਬਿਲਕੁਲ ਲਾਲ ਹੈ
ਮਾਰੋ ਸੱਟਾਂ ਅੱਡੀਆਂ ਚੁਕ ਚੁਕ ਕੇ
ਢਾਲ ਦਿਓ ਬਰਛੇ ਤੇ ਕੁਹਾੜਿਆਂ 'ਚ
ਉੜਾ ਦਿਓ ਖੋਪਰ ਕਾਗ਼ਜ਼ੀ ਸ਼ੇਰਾਂ ਦੇ
ਖੋਭ ਦਿਓ ਬਰਛੀਆਂ
ਰੂਸ ਦੇ ਉਹਨਾਂ ਸੋਧਵਾਦੀ ਜਾਰਾਂ ਦੇ ਢਿੱਡ'ਚ
ਜਿਨ੍ਹਾਂ ਨੇ ਕੀਤੀ ਹੈ ਗੱਦਾਰੀ
ਦੁਨੀਆਂ ਦੇ ਕਾਮੇ-ਲੋਕਾਂ ਨਾਲ

ਅੱਜ ਅੰਗਾਰ ਲਿਖਣ ਦੀ ਲੋੜ ਹੈ
ਸਾਹਿੱਤਕਾਰੋ ਤੇ ਕਵੀਓ
ਦੁਸ਼ਮਣ ਨੂੰ ਸ਼ਰੇਆਮ ਦੁਸ਼ਮਣ ਆਖੋ
ਦੁਸ਼ਮਣ ਦੀ ਸ਼ਕਲ ਨੂੰ
ਸਿੱਧੇ ਤੌਰ ਤੇ ਉਘਾੜ ਕੇ ਲਿਖੋ
ਲੋਟ ਲਾਉਣ ਦੀ ਕੀ ਲੋੜ ਹੈ

ਛੱਡੋ ਕਮਜ਼ੋਰੀਆਂ ਨੂੰ
ਪਹਿਚਾਣੋ ਫ਼ਰਜ਼
ਆਓ ਡਟ ਕੇ
ਲੋਕਾਂ ਦੇ ਦੁਸ਼ਮਣ ਕੌਣ ਹਨ
ਤੇ ਦੱਸੋ ਦੋਸਤਾਂ ਦੀ ਪਹਿਚਾਣ
ਛੱਡੋ ਕਾਫ਼ੀ ਹਾਊਸ ਦੇ ਰਿਸ਼ਤਿਆਂ ਨੂੰ
ਬਾਲ ਦਿਓ ਅੰਗਿਆਰਾਂ ਨੂੰ
ਨਵਾਂ ਇਨਸਾਨ ਪੈਦਾ ਕਰਨ ਲਈ
ਲੋਕ-ਜਮਹੂਰੀ ਹਿੰਦੋਸਤਾਨ ਪੈਦਾ ਕਰਨ ਲਈ
ਦਿਉ ਸਾਥ ਡਟ ਕੇ
ਮੁਕਤੀ ਲਈ ਜੂਝ ਰਹੇ
ਹਥਿਆਰਬੰਦ ਜੁਝਾਰੂਆਂ ਦਾ।

## ਕਿਸ ਦਾ ਗੋਸ਼ਤ

ਜਰਨੈਲ ਚੰਦੀ

ਵਕਤ ਦਾ ਘੋੜਾ
ਯੁਗ ਦੇ ਮੈਦਾਨਾਂ 'ਚ
ਝਾੜ ਬੀਆ-ਬਾਨਾਂ 'ਚ
ਨਿਸ਼ਚਿੰਤ ਚੁਗਦਾ ਰਹਿੰਦਾ
ਇਕ ਦਿਨ ਮੈਂ
ਪ੍ਰਗਤੀ ਦੀ ਛੁਰੀ ਲੈ
ਸਦੀਆਂ-ਦਹਾਕਿਆਂ ਦਾ ਕਲਮਾਂ ਪੜ੍ਹ
ਇਸਨੂੰ ਜ਼ਿਬਾਹ ਕੀਤਾ
ਤੇ ਇਸਦਾ ਰੱਤਾ ਗੋਸ਼ਤ
ਆਪਣੀ ਜਿਸਮ ਵਿੱਚ ਵੰਡਿਆ
ਉਸ ਦਿਨ ਅਚਾਨਕ ਰਾਤ ਨੂੰ
ਸਤਿਯੁਗ, ਦੁਆਪਰ ਤੇ ਤ੍ਰੇਤੇ ਦੀ ਮੌਤ ਹੋ ਗਈ
ਵਕਤ ਦੇ ਅਨੰਤਨ ਘੋੜੇ 'ਚ
ਯੁੱਗਾਂ ਦੀ ਜਾਨ ਸੀ।
ਘੋੜੇ ਨੂੰ ਜ਼ਿਬਾਹ ਕਰਕੇ
ਮੈਂ ਇਸਦੀ ਕਾਠੀ ਆਪਣੀ ਪਿੱਠ ਤੇ ਰੱਖੀ।
ਫਿਰ ਤਕਨੀਕੀ ਯੁੱਗ 'ਚ ਮੈਂ
ਤਕਨੀਕ ਦੀ ਆੜ ਲੈਕੇ
ਵਕਤ ਨੂੰ ਜ਼ਿਬਾਹ ਕੀਤਾ
ਤੇ ਸਦੀਆਂ ਦਹਾਕਿਆਂ ਦੀ ਥਾਂ
ਇਸਨੂੰ ਮਿੰਟਾਂ ਸਕਿੰਟਾਂ 'ਚ ਵੰਡਿਆ।
ਵਕਤ ਨੂੰ ਜ਼ਿਬਾਹ ਕਰਕੇ
ਮੈਂ ਇਸ਼ਾਗੀਰ ਹੋ ਗਿਆ
ਹੁਣ ਮੇਰੇ ਗਿਰਦ ਹਰ ਮਸ਼ੀਨ 'ਚੋਂ
ਮੇਰੇ ਗੋਸ਼ਤ ਦੀ ਬੋ ਆ ਰਹੀ ਹੈ।

## ਰੁੱਖ ਤੇ ਪੱਤੇ

ਲਾਟ ਸਿੰਘ

ਰੁੱਖਾਂ ਉਹਲੇ ਪੱਤੇ ਖੜ ਖੜ ਕਰਦੇ
ਮੈਂ ਆਸੇ ਪਾਸੇ ਵੇਖਦਾਂ
ਖੌਰੇ ਤੇਰੇ ਪੈਰਾਂ ਦਾ ਖੜਾਕਾ ਹੋਵੇ
ਪਰ ਤੇਰੇ ਤੋਂ ਤਾਂ ਬਹੁਤ ਦੂਰ ਹਾਂ ਹੁਣ...
ਆਸ ਕਿਉਂ ਦੂਰ ਜਾਂਦੀ ਨਹੀਂ?
ਕਿਉਂ ਖੜ ਖੜ ਕਰਦੇ ਨੇ ਇਹ ਪੱਤੇ?

ਕਿੱਥੇ ਨੇ ਉਹ ਦਿਨ
ਜਦ ਪੱਤਿਆਂ ਦੀ ਖੜ ਖੜ
ਕਿਸੇ ਨਵੀਂ ਆਸ ਦਾ ਸੁਨੇਹਾ ਦਿੰਦੀ...
ਹੁਣ ਤਾਂ ਇਹ ਖੜ ਖੜ
ਉਸ ਰੁੱਖ ਦੀ ਉਦਾਸੀ ਦੀ ਹਾਨਣ
ਜਿਸ ਦੀਆਂ ਜੜ੍ਹਾਂ ਹੀ
ਪੁੱਟ ਦਿੱਤੀਆਂ ਗਈਆਂ ਹੋਣ!

## ਚੂ-ਇਨ-ਲਾਈ

(1898- 8 ਜਨਵਰੀ 1976)

- ਸਦਾ ਲਈ ਵਿੱਛੜੇ ਮਹਾਨ ਚੀਨੀ ਲੋਕ-ਨੇਤਾ ਦੇ ਨਾਂ -

ਆਹ! ਮਾਓ ਦਾ ਸਾਥੀ, ਆਹ! ਲੋਕਾਂ ਦਾ ਪਿਆਰਾ ॥
ਆਹ! ਲੈਨਿਨ ਦਾ ਵਾਰਸ, ਕ੍ਰਾਂਤੀ - ਸਤਾਰਾ ॥
ਆਹ! ਘੋਲਾਂ ਦਾ ਆਗੂ, ਆਹ! ਮੁਕਤੀ ਦਾ ਧਾਰਾ ॥
ਗਰੀਬਾਂ ਦਾ ਮਿੱਤਰ ਤੇ ਸੱਚਾ ਸਹਾਰਾ ॥
ਰੱਖੇਗੀ ਚੇਤੇ ਸਦਾ ਹੀ ਲੋਕਾਈ।
ਗਿਆ ਵਿਛੜ ਸਾਥੋਂ ਅੱਜ ਚੂ-ਇਨ-ਲਾਈ!

('ਸੂਫ਼ੀ' ਅਮਰਜੀਤ 'ਬੱਸੀਆਂ')

## ਦੋ ਖ਼ਿਆਲ

ਗੁਰਮੀਤ ਛੀਨਾਂ

* ਜਦੋਂ ਵੀ ਕਿਤੇ ਪਿਆਰ ਦਾ ਜ਼ਿਕਰ ਹੋਇਆ ਹੈ।
ਮੇਰੇ ਹੋਠ ਹੱਸੇ ਨੇ, ਪਰ ਮੇਰਾ ਦਿਲ ਰੋਇਆ ਹੈ।
ਭਰੀ ਮਹਿਫ਼ਲ ਵਿਚ ਛੇੜਦੀ ਹੈ ਜਦੋਂ ਕੋਈ ਆਪਣੇ ਪਿਆਰ ਦੀ ਗੱਲ,
(ਤਾਂ ਤੂੰ ਹੀ ਦੱਸ "... ...")
ਮੈਂ ਕੀ ਦੱਸਾਂ ਕਿ ਮੇਰੇ ਨਾਲ ਕੀ ਕੀ ਹੋਇਆ ਹੈ!

* ਜਿੱਤ ਵੀ ਆਪਣੀ ਹਾਰ ਵੀ ਆਪਣੀ
ਜ਼ਿੰਦਗੀ ਦੀ ਹਰ ਖ਼ਾਹਿਸ਼ ਵੀ ਆਪਣੀ
ਦੁੱਖਾਂ ਦੀ ਦੌਲਤ ਵੀ ਆਪਣੀ
ਤੇ ਹੰਝੂਆਂ ਦੀ ਧਾਰ ਵੀ ਆਪਣੀ
ਦਿੱਤੀ ਤੂੰ ਜੋ ਪੀੜ ਵੀ ਆਪਣੀ
ਸੁੱਖਾਂ ਦੀ ਹਰ ਆਸ ਵੀ ਆਪਣੀ
ਜੋ ਖਿੜਨੀ ਨਾਂ, ਗੁਲਜ਼ਾਰ ਵੀ ਆਪਣੀ
ਤਰਸੀਏ ਜਿਹਨੂੰ ਬਹਾਰ ਵੀ ਆਪਣੀ।

# ਓ A

# ਆਪਣੇ ਲੋਕ

(ਅਜਮੇਰ ਰੋਡੇ)

ਇਸ ਮਹੀਨੇ ਤੋਂ ਸ਼ੁਰੂ ਕੀਤਾ ਜਾ ਰਿਹਾ
ਸਥਾਈ-ਕਾਲਮ

ਏਥੇ ਰਹਿਣਾ ਜਾਂ ਓਥੇ ਰਹਿਣਾ ਜਾਂ ਏਥੇ-ਓਥੇ ਰਹਿਣਾ ਸਾਡੀ ਆਪਣੀ ਚੋਣ ਹੈ - ਝੋਰਾ ਕਿਉਂ ਤੇ ਸ਼ਿਕਾਇਤ ਕਿਸਤੇ ?

ਅਸੀਂ ਜੌਅ (ਜੁਗਿੰਦਰ ਸਿੰਘ) ਨੂੰ ਮਿਲਣ ਗਏ। 'ਵੀਕ ਐਂਡ' ਹੋਣ ਕਰਕੇ ਉਹ ਘਰੇ ਈ ਸੀ ਤੇ 'ਲਿਵਿੰਗ ਰੂਮ' ਵਿੱਚ ਬੈਠਾ ਆਪਣੇ ਦੋ ਰਿਸ਼ਤੇਦਾਰਾਂ ਨਾਲ 'ਸੱਕਾਚ' ਪੀ ਰਿਹਾ ਸੀ। ਸ਼ੀਸ਼ੇ ਵਾਲੀ ਵੱਡੀ ਬਾਰੀ ਵਿੱਚ ਪਿਆ ਟੇਪ ਰੀਕਾਰਡ ਚੱਲ ਰਿਹਾ ਸੀ ਜਿਸਤੇ ਸਾਰੰਗੀ ਵਾਲੇ 'ਕਲੀਆਂ' ਦੇ ਰੀਕਾਰਡ ਵੱਜ ਰਹੇ ਸਨ। ਖੱਬੇ ਪਾਸੇ ਵਾਲੀ ਕੰਧ ਤੇ ਦੋ ਪੰਜਾਬ ਤੋਂ ਲਿਆਂਦੇ ਹੋਏ ਕੈਲੰਡਰ ਲਟਕ ਰਹੇ ਸਨ। ਇਕ ਤੇ ਘੋੜੇ ਵਾਲੀ ਗੁਰੂ ਗੋਬਿੰਦ ਸਿੰਘ ਦੀ ਫੋਟੋ ਸੀ ਤੇ ਦੂਜੇ ਤੇ ਸਮਾਧੀ ਲਾਕੇ ਬੈਠੇ ਗੁਰੂ ਨਾਨਕ ਦੇਵ ਜੀ ਦੀ। ਸੱਜੇ ਪਾਸੇ ਅੰਗੀਠੀ ਤੇ ਟੀ.ਵੀ. ਉੱਤੇ ਦੋਸਤਾਂ ਰਿਸ਼ਤੇਦਾਰਾਂ ਵੱਲੋਂ ਆਏ ਤਰ੍ਹਾਂ ਤਰ੍ਹਾਂ ਦੇ ਕ੍ਰਿਸਮਿਸ ਕਾਰਡ ਪਏ ਸਨ। ਅਸੀਂ ਜੌਅ ਦੇ ਸੱਦਣ ਤੇ ਉਸਦਾ ਨਵਾਂ ਘਰ ਵੇਖਣ ਗਏ ਸਾਂ। ਸੋਚਿਆ ਪਿਛੋਂ ਪਿੰਡਾਂ ਦੀਆਂ ਗੱਪਾਂ-ਸ਼ੱਪਾਂ ਮਾਰ ਆਵਾਂਗੇ।

ਸਾਡੇ ਨਾਂਹ-ਨੁੱਕਰ ਕਰਦਿਆਂ ਵੀ ਉਸਨੇ ਦੋ ਗਲਾਸ ਹੋਰ ਮੰਗਵਾ ਲਏ ਤੇ ਥੋੜ੍ਹੀ ਥੋੜ੍ਹੀ ਸੱਕਾਚ ਪਾਕੇ ਸਾਡੇ ਅੱਗੇ ਕਰ ਦਿੱਤੇ।

"ਸੁਣਾ ਫੇਰ ਨਾਹਰ ਦਾ ਬਣਿਆ ਅਜੇ ਕੁਸ਼ ਕਿ ਨਹੀਂ?" ਮੇਰੇ ਨਾਲ ਆਏ ਗੁਰਦੇਵ ਨੇ ਜੌਅ ਨੂੰ ਉਸਦੇ ਛੋਟੇ ਭਰਾ ਬਾਰੇ ਪੁੱਛਿਆ।

"ਅਜੇ ਤਾਂ ਬਈ ਕੁਸ਼ ਨੀ ਪਤਾ ਲੱਗਾ-ਅਰਜ਼ੀ ਭਰੀ ਨੂੰ ਤਾਂ ਚਾਰ ਪੰਜ ਮਹੀਨੇ ਹੋਣ ਵਾਲੇ ਐ, ਸਾਲੇ ਐਮੀਗ੍ਰੇਸ਼ਨ ਆਲੇ ਕੁਸ਼ ਦਸਦੇ ਈ ਨੀ।"

"ਆਪ ਦਫ਼ਤਰ ਤੋਂ ਜਾਕੇ ਪਤਾ ਕਰ ਔਣਾ ਸੀ ਇਹੋ ਜਿਹੇ ਕੰਮ ਤਾਂ ਹਿੰਮਤ ਨਾਲ ਈ ਕਰਨੇ ਪੈਂਦੇ ਐ", ਮੈਂ ਕਿਹਾ।

"ਹਿੰਮਤ ਨੂੰ ਤਾਂ ਠੀਕ ਐ ਪਰ ਸਾਲਾ ਟੈਮ ਈ ਨੀ ਲਗਦਾ ਨਾਲੇ ਦਫ਼ਤਰ ਜਾ ਵੀ ਬੜੀਏ ਤਾਂ ਸਾਨੂੰ ਕੇਹੜਾ ਬਾਤ ਕਰਨੀ ਆਉਂਦੀ ਐ।"

"ਬਾਤ ਨੂੰ ਕੀਹ ਐ ਮੈਂ ਚਲਦਾ ਹੂੰ ਤੇਰੇ ਨਾਲ - ਜੇ ਮੰਗੌਣੈ ਤਾਂ ਹੁਣ ਮੌਕਾ ਐ ਫੇਰ ਕੀ ਪਤੈ ਕੀ ਰੂਲ ਬਦਲ ਜਾਣ", ਗੁਰਦੇਵ ਨੇ ਕਿਹਾ।

"ਬਈ ਸੱਚੀ ਗੱਲ ਤਾਂ ਇਹ ਐ ਮੈਂ ਏਸ ਕੁੱਤੇ ਮੁਲਖ 'ਚ ਆਵਦੇ ਹੋਰ ਕਿਸੇ ਨੂੰ ਮੰਗੌਣਾ ਈ ਨੀ ਮੰਗਦਾ," ਜੌਅ ਨੇ ਕਿਹਾ।

"ਲੈ ਸੁਣ ਲਾ- ਨਵਾਂ ਘਰ ਲਈ ਬੈਠਾ ਐਂ ਚਾਰ ਹਜ਼ਾਰ ਦੀ ਕੋਲੇ ਕਾਰ ਐ ਅਜੇ ਏਹਨੂੰ ਕੁੱਤਾ ਮੁਲਖ ਈ ਦੱਸਦੈ। ਓਥੇ ਕਦੇ ਖੁੱਡਾਂ 'ਚੋਂ ਘੱਟਾ ਨਿਕਲਿਆ ਸੀ ਸਾਰਾ ਸਾਲ?" ਜੌਅ ਦੀ ਭੂਆ ਦਾ ਪੁਤ ਗੁਰਨਾਮ ਬੋਲਿਆ।

"ਉਏ ਠੀਕ ਐ - ਕਾਗਾਂ ਨੂੰ ਚੱਟਦੈ ਜਦੋਂ ਬੰਦੇ ਦਾ ਦਿਲ ਈ ਨ ਮੰਨੇ। ਤੂੰ ਜਿਵੇਂ ਮਰਜ਼ੀ ਕਹੀ ਜਾਓ, ਏਥੇ ਕੋਈ ਜੂਨ ਐ ਸਾਲੀ। ਬੱਸ ਦਿਨੇ ਰਾਤ ਪਸੂਆਂ ਆਂਗੂ ਕੰਮ ਕਰੀ ਜਾਓ ਜਾਂ ਘਰੇ ਬੈਠੇ ਰਹੋ। ਕਿਤੇ ਬਾਹਰ ਇੱਕ ਕੱਢਕੇ ਤੁਰ ਤਾਂ ਨੀ ਸੈਂਦਾ। ਗੋਰੇ ਨਾਲ ਨੀ ਰਲੌਂਦੇ- ਆਪੇ ਵਿਚਦੀ ਕਿਸੇ ਦਾ ਮੋਹ ਮੁਹੱਬਤ ਨੀ - ਜਣਾ ਖਣਾ ਪੈਸੇ ਦੇ ਚੱਕਰ 'ਚ ਐ। ਸਾਲੇ ਬਾਈਆਂ ਦੇ ਪਿਉ ਬਣ ਜਾਂਦੇ ਐ ਏਧਰ ਆਉਂਦੇ ਈ।"

"ਤੇ ਓਥੇ ਤੇਰੇ ਕੋਲ ਕੀਹ ਸੀ।", ਗੁਰਨਾਮ ਤਾਅ 'ਚ ਆਕੇ ਬੋਲਿਆ।

"ਓਏ ਓਥੇ ਭਾਵੇਂ ਡੱਕਾ ਨੀ ਸੀ ਫੇਰ ਵੀ ਆਵਦਾ ਮੁਲਖ ਸੀ - ਗਜ਼ੇ ਸੀ। ਖ਼ੂਹ ਤੇ ਗੇੜਾ ਮਾਰਨ ਜਾਈਦਾ ਸੀ ਚਿੱਤ ਖਿੜ ਜਾਂਦਾ ਸੀ। ਜਦੋਂ ਜੀਅ ਕਰੇ ਸਾਰੇ ਜ਼ੋਰ ਨਾਲ ਬੋਲੀ ਪਾਈਦੀ ਸੀ ਐਥੇ ਤੂੰ ਮੈਨੂੰ ਬਾਹਰ ਨਿਕਲਕੇ ਉੱਚੀ ਬੋਲ ਕੇ ਦਖਾ ਖਾਂ?"

"ਫੇਰ ਜੁਗਿੰਦਰਾ ਦੇਸ ਨੂੰ ਈ ਮੁੜ ਜੋ ਏਥੇ ਕਿਹੜਾ ਆਪਾਂ ਨੂੰ ਕਿਸੇ ਬੰਨ੍ਹ ਕੇ ਬਿਠਾਇਆ।" ਮੈਂ ਜੌਅ ਨੂੰ ਕਿਹਾ।

ਜੌਅ ਮੇਰੀ ਗੱਲ ਸੁਣਕੇ ਚੁਪ ਹੋ ਗਿਆ, ਫੇਰ ਥੋੜ੍ਹਾ ਜਿਹਾ ਗੰਭੀਰ ਹੋਕੇ ਬੋਲਿਆ, "ਮੁੜ ਤਾਂ ਜਾਈਏ 'ਜਮੇਰ ਸਿਆਂ ਪਰ ਓਸ ਤਰ੍ਹਾਂ ਦੀ ਗੱਲ ਨੀ ਨਾ ਬਣਦੀ। ਕੰਮ ਤਾਂ ਏਥੇ ਜ਼ਰੂਰ ਔਖਾ ਐ ਪਰ ਜਦੋਂ ਹਫ਼ਤੇ ਪਿੱਛੋਂ ਬਿੱਲੇ ਦੇ ਕੰਨ ਅਰਗਾ ਚੈਕ ਹੱਥ ਤੇ ਟਿਕ ਜਾਂਦੈ, ਸਾਰੇ ਦੁੱਖ ਭੁੱਲ ਜਾਂਦੇ ਐ। ਪੈਸਾ ਵੀ ਤਾਂ ਬੜੀ ਚੀਜ਼ ਐ ਨਾ, ਓਥੇ ਤਾਂ ਯਾਰ ਲੂਣ ਤੇਲ ਦੇ ਪੈਸੇ ਈ ਸਿਰੋਂ ਨੀ ਲਹਿੰਦੇ ਸੀ।"

"ਐਥੇ ਆ ਨਾ ਆਪਣੇ ਆਪਣੀ ਥਾਂ ਤੇ - ਉਂ ਦੇਸ ਜਾਣ ਨੂੰ ਕੀਹਦਾ ਜੀਅ ਨੀ ਕਰਦਾ ਗੱਲ ਤਾਂ ਸਾਰੀ ਢਿੱਡ ਦੀ ਐ - ਹੋਰ ਐਥੇ ਸਾਡੇ ਆਂਡੇ ਤਾਂ ਨੀ ਦਿੱਤੇ।", ਗੁਰਨਾਮ ਨੇ ਥੋੜ੍ਹਾ ਜਿਹਾ ਜਿੱਤ ਦੇ ਅਹਿਸਾਸ ਨਾਲ ਕਿਹਾ।

ਮੈਨੂੰ ਜਾਪਿਆ ਜੌਅ ਤੇ ਗੁਰਨਾਮ ਵਿੱਚ ਕੋਈ ਫਰਕ ਨਹੀਂ। ਦੋਹਾਂ ਦੇ ਦਿਲ ਪੰਜਾਬ ਵੱਲ ਨੂੰ ਖਿਚਦੇ ਹਨ, ਸੋਚ ਕੈਨੇਡਾ ਵੱਲ ਨੂੰ — ਤੇ ਉਹ ਇਸੇ ਰੱਸਾ ਕਸ਼ੀ ਜਿਹੀ ਵਿੱਚ ਹੀ ਜੀਵੀ ਜਾ ਰਹੇ ਹਨ।

ਜੌਅ ਦੇ ਘਰੋਂ ਵਾਪਸ ਆਉਂਦਿਆਂ ਮੈਨੂੰ ਉਸ ਇੰਜਨੀਅਰ ਦਾ ਵੀ ਖ਼ਿਆਲ ਆਇਆ ਜਿਸਨੂੰ 'ਇੰਡੀਆ' ਦਾ ਕੁਝ ਵੀ ਚੰਗਾ ਨਹੀਂ ਲਗਦਾ — ਓਥੋਂ ਦੀ ਸਰਕਾਰ, ਓਥੋਂ ਦੇ ਲੋਕ, ਗੰਦੀ ਬਹਿਣੀ, ਸੱਭਿਆਚਾਰ, ਸਭ ਕੁਝ.

ਕਿੰਨਾ ਪੜ੍ਹਿਆ ਹੋਇਆ – ਪਰ ਫਿਰ ਵੀ ਉਹ ਦੋ ਤਿੰਨ ਸਾਲ ਪਿੱਛੋਂ ਐਵੇਂ ਹੀ 'ਇੰਡੀਆ' ਦਾ 'ਚੱਕਰ ਜਿਹਾ' ਲਾ ਆਉਂਦਾ ਹੈ। ਆਪਣੇ ਇਕ ਪ੍ਰੋਫੈਸਰ ਦੋਸਤ ਦਾ ਖਿਆਲ ਆਇਆ ਜੋ ਗਣਿਤ ਦੀ ਰੀਸਰਚ ਵਿਚ ਪਹਿਲੇ ਦਰਜੇ ਦੇ ਵਿਗਿਆਨੀਆਂ ਵਿੱਚੋਂ ਹੈ। ਕੈਨੇਡਾ, ਅਮਰੀਕਾ ਵਿੱਚ ਮਾਣ ਹੈ, ਇੱਜ਼ਤ ਹੈ ਪੈਸਾ ਵੀ ਹੈ – ਪਰ ਜਦੋਂ ਕਦੇ ਰੀਸਰਚ ਵੱਲੋਂ ਵਿਹਲਾ ਹੁੰਦਾ ਹੈ ਤਾਂ ਭਾਰਤੀ ਸੰਗੀਤ ਦੀ ਟੇਪ ਲਾ ਲੈਂਦਾ ਹੈ ਤੇ ਚੁੱਪ ਉਦਾਸੀ ਵਿੱਚ ਡੁੱਬ ਜਾਂਦਾ ਹੈ। ਅਜੇ ਤੱਕ ਅਣਵਿਆਹਿਆ ਹੈ ਕਿਉਂਕਿ ਵਿਆਹ ਭਾਰਤ ਵਿੱਚ ਹੀ ਕਰਾਉਣਾ ਹੈ ਪਰ ਉਥੇ ਜਾ ਕੇ ਸਾਲ ਛੇ ਮਹੀਨੇ ਰਹਿਣ ਦਾ ਵਕਤ ਨਹੀਂ ਮਿਲਦਾ। ਕਿੰਨੇ ਹੀ ਲੇਖਕ ਲੋਕ ਹਨ – ਜੋ ਅਮਰੀਕਨ ਸੱਭਿਆਚਾਰ ਵਿੱਚ ਰਹਿੰਦੇ ਹਨ, ਅੰਗ੍ਰੇਜ਼ੀ ਪੜ੍ਹਦੇ ਹਨ, ਬੋਲਦੇ ਹਨ ਪਰ ਕਵਿਤਾਵਾਂ ਕਹਾਣੀਆਂ ਪੰਜਾਬੀ ਹਿੰਦੀ ਵਿਚ ਲਿਖਦੇ ਹਨ। ਭਾਰਤੀ-ਰਿਸਾਲਿਆਂ ਵਿੱਚ ਛਪਕੇ ਤਸੱਲੀ ਮਹਿਸੂਸ ਕਰਦੇ ਹਨ। ਸਾਹਿੱਤਕ ਮੀਟਿੰਗਾਂ ਵਿਚ ਇਸ ਗੱਲ ਤੇ ਅਕਸਰ ਬਹਿਸ ਹੁੰਦੀ ਹੈ ਕਿ ਸਾਡਾ ਕੈਨੇਡਾ ਵਿਚ ਰਹਿਣ ਦਾ ਕੀ ਮੰਤਵ ਹੈ? ਸਾਨੂੰ ਸਾਰੀ ਉਮਰ ਏਥੇ ਹੀ ਰਹਿਣਾ ਚਾਹੀਦਾ ਹੈ ਜਾਂ ਵਾਪਸ ਚਲੇ ਜਾਣਾ ਚਾਹੀਦਾ ਹੈ ਆਦਿ।

ਇਸ ਤਰ੍ਹਾਂ ਲਗਦਾ ਹੈ ਕਿ ਅਸੀਂ ਸਾਰੇ ਹੀ ਜੋਮ ਤੇ ਗੁਮਨਾਮ ਵਾਂਗ ਹਾਂ। ਸਾਡੇ ਅੱਧ ਭਾਰਤ ਵਿੱਚ ਹਨ, ਅੱਧ ਕੈਨੇਡਾ ਵਿਚ – ਤੇ ਇਕ ਦੁਬਿਧਾ ਜਿਹੀ ਵਿੱਚ ਜੀਂਦੇ ਜਾ ਰਹੇ ਹਾਂ। ਇਸ ਦੁਬਿਧਾ ਦਾ ਪ੍ਰਗਟਾ ਸੜਕਾਂ ਤੇ ਜਾਂਦੇ ਸਾਡੇ ਲੋਕਾਂ ਦੇ ਗੁਆਚੇ ਗੁਆਚੇ ਜਿਹੇ ਚਿਹਰਿਆਂ ਤੋਂ ਸਾਫ਼ ਦਿਸਦਾ ਹੈ।

ਪਰ 'ਅੱਧਾ ਏਥੇ ਤੇ ਅੱਧਾ ਉਥੇ' ਰਹਿਣਾ ਮੁਸ਼ਕਿਲ ਹੈ – ਦੇਸ ਰਹਿੰਦਿਆਂ, ਬਾਹਰਲੇ ਦੇਸ ਤੇ ਲੋਕਾਂ ਨੂੰ ਵੇਖਣ ਦੀ ਚਾਹ ਤੇ ਡੂੰਘੀਆਂ ਆਰਥਕ ਲੋੜਾਂ ਦੇਸੋਂ ਬਾਹਰ ਆਉਣ ਲਈ ਪ੍ਰੇਰਦੀਆਂ ਹਨ। ਪ੍ਰਦੇਸ ਵਿਚ ਆਪਣੇ ਦੇਸ ਦੇ ਲੋਕ ਆਪਣੀ ਬੋਲੀ ਤੇ ਆਪਣੇ ਸੱਭਿਆਚਾਰ ਦਾ ਚਾਅ ਆਉਣਾ ਸੁਭਾਵਕ ਹੈ – ਦੋਹਾਂ 'ਚੋਂ ਕੋਈ ਵੀ ਗੱਲ ਓਪਰੀ ਜਾਂ ਗ਼ੈਰ ਕੁਦਰਤੀ ਨਹੀਂ। ਜਿਹੜੇ ਲੋਕ ਇਹ ਸੋਚ ਕੇ ਅੰਦਰੋਂ ਅੰਦਰੀ ਕੁੜ੍ਹਦੇ ਰਹਿੰਦੇ ਹਨ ਕਿ ਚੰਗੀ ਰੋਟੀ ਦੀ ਖ਼ਾਤਰ ਆਪਣਾ ਦੇਸ਼ ਛੱਡ ਆਏ, ਉਹਨਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਗਰੀਕ ਇਟਾਲੀਅਨ, ਚੀਨੀ, ਫਰਾਂਸੀਸੀ, ਇੰਗਲਿਸ਼ ਆਦਿ ਵੀ ਬਹੁਤੇ ਏਸੇ ਕਾਰਨ ਕਰਕੇ ਹੀ ਕੈਨੇਡਾ ਆਏ ਹਨ ਤੇ ਕਈ ਕੈਨੇਡੀਅਨ ਵੀ ਏਸੇ ਚੱਕਰ ਵਿੱਚ ਹੀ ਅਸਟ੍ਰੇਲੀਆ ਜਾਂ ਯੂ. ਐੱਸ. ਏ. ਨੂੰ ਤੁਰ ਜਾਂਦੇ ਹਨ।

ਦੁਨੀਆਂ ਦੇ ਲੋਕ ਜਿਸ ਥਾਂ ਤੇ ਜੰਮਦੇ ਹਨ, ਸਾਰੀ ਉਮਰ ਅਕਸਰ ਉਥੇ ਹੀ ਗੁਜ਼ਾਰ ਦਿੰਦੇ ਹਨ। ਬਹੁਤੇ ਲੋਕ ਆਪਣੀ ਧਰਤੀ ਤੋਂ ਦੂਰ ਜਾਣਾ ਨਹੀਂ ਚਾਹੁੰਦੇ। ਕੁਝ ਜਾਣਾ ਚਾਹੁੰਦੇ ਹਨ ਪਰ ਮਜਬੂਰੀਆਂ ਕਾਰਨ ਨਹੀਂ ਜਾ ਸਕਦੇ। ਇਹਨਾਂ ਲੋਕਾਂ ਦੀ ਜ਼ਿੰਦਗੀ ਆਪਣੇ ਸੱਭਿਆਚਾਰ ਨਾਲ ਹੀ ਜੁੜੀ ਰਹਿੰਦੀ ਹੈ। ਕੁਝ ਲੋਕ ਸਾਰੀ ਉਮਰ ਦੁਨੀਆਂ ਵਿੱਚ ਥਾਂ ਥਾਂ ਤੇ ਰਹਿਕੇ ਗੁਜ਼ਾਰ ਦਿੰਦੇ ਹਨ। ਉਹਨਾਂ ਨੂੰ ਸ਼ਾਇਦ ਕਿਸੇ ਵੀ ਸੱਭਿਆਚਾਰ ਨਾਲ ਡੂੰਘਾ ਲਗਾਉ ਨਹੀਂ ਹੁੰਦਾ। ਸਾਡੀ ਜ਼ਿੰਦਗੀ ਦੋਹਾਂ ਦੇਸ਼ਾਂ ਨਾਲ ਜੁੜੀ ਹੋਈ ਹੈ – ਦੋ ਸੱਭਿਆਚਾਰਾਂ ਨਾਲ। ਇਹਨਾਂ 'ਚੋਂ ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਜਿਉਣ ਨੂੰ ਦੂਸਰੀ ਨਾਲੋਂ ਵਧੀਆ ਜਾਂ ਘਟੀਆ ਨਹੀਂ ਕਿਹਾ ਜਾ ਸਕਦਾ। ਹਰ ਇਕ ਦੇ ਆਪਣੇ ਗੁਣ ਹਨ ਤੇ ਆਪਣੀਆਂ ਘਾਟਾਂ।

ਅੱਜਕਲ, ਪ੍ਰਦੇਸਾਂ ਦਾ ਪੁਰਾਣਾ ਸੰਕਲਪ ਬਦਲ ਚੁੱਕਾ ਹੈ। ਜੇ ਕੋਈ ਚਾਹੇ ਤਾਂ ਸਵੇਰੇ ਵੈਨਕੂਵਰ ਤੋਂ ਹਵਾਈ ਜਹਾਜ਼ ਰਾਹੀਂ ਦੂਜੇ ਦਿਨ ਦਿੱਲੀ ਪਹੁੰਚ ਸਕਦਾ ਹੈ। ਸਾਨੂੰ ਪੰਜਾਬ ਤੋਂ ਉੱਠਕੇ ਕਿਸੇ ਬੰਗਾਲ ਜਾਂ ਮਦਰਾਸ ਦੀ ਯੂਨੀਵਰਸਿਟੀ 'ਚ ਪੜ੍ਹਨ ਦੇ ਮੁਕਾਬਲੇ ਵਿਚ ਵੈਨਕੂਵਰ ਦੀ ਯੂਨੀਵਰਸਿਟੀ 'ਚ ਪੜ੍ਹਨਾ ਮੁਸ਼ਕਲ ਨਹੀਂ ਜਾਪਦਾ। ਪੰਜਾਬੀ ਬੀਕਾਨੇਰ 'ਚ ਜਾਕੇ ਵਾਹੀਆਂ ਕਰਦੇ ਹਨ, ਕਲਕੱਤੇ ਬੱਸਾਂ ਚਲਾਉਂਦੇ ਹਨ ਅਫਰੀਕਾ 'ਚ ਠੇਕੇਦਾਰੀਆਂ ਕਰਦੇ ਹਨ ਤਾਂ ਕੈਨੇਡਾ 'ਚ ਵੀ ਹਰ ਤਰ੍ਹਾਂ ਦੇ ਕੰਮ ਕਰ ਸਕਦੇ ਹਨ। ਵੱਡਾ ਫਰਕ ਸ਼ਾਇਦ ਇਕੋ ਹੀ ਹੈ। ਪੱਛਮੀ ਮੁਲਕਾਂ ਵਿਚ ਆਕੇ ਅਸੀਂ ਅਜੇ ਵੀ ਆਪਣੇ ਆਪ ਨੂੰ ਹੀਣਤਾ ਦੇ ਭਾਵਾਂ ਤੋਂ ਮੁਕਤ ਨਹੀਂ ਕਰ ਸਕੇ। ਸਮਾਂ ਬਹੁਤ ਅੱਗੇ ਲੰਘ ਚੁਕਾ ਹੈ। ਚਮੜੀ ਦੇ ਰੰਗ ਨਾਲ ਘਟੀਆ ਜਾਂ ਵਧੀਆ ਸ਼ਖ਼ਸੀਅਤ ਨੂੰ ਜੋੜਨਾ ਜਹਾਲਤ ਦੀ ਨਿਸ਼ਾਨੀ ਹੈ। ਨਸਲੀ ਵਿਤਕਰੇ ਦਾ ਕੋਹੜ ਸਭ ਨੂੰ ਚੁਭਦਾ ਹੈ। ਇਸਨੂੰ ਜਾਣ ਲੱਗਿਆਂ ਅਜੇ ਦੇਰ ਲੱਗੇਗੀ ਪਰ ਜੇ ਅਸੀਂ ਆਪਣੇ 'ਚੋਂ ਸ੍ਵੈ-ਹੀਣਤਾ ਦੇ ਅਹਿਸਾਸ ਕੱਢ ਦੇਈਏ, ਆਪਣੇ ਹੱਕਾਂ ਬਾਰੇ ਸੁਚੇਤ ਹੋ ਜਾਈਏ ਅਤੇ ਨਸਲੀ ਵਿਤਕਰੇ ਦੇ ਹਰ ਰੂਪ ਵਿਰੁੱਧ ਡਟ ਜਾਈਏ ਤਾਂ 'ਅੱਧਾ ਏਥੇ ਤੇ ਅੱਧਾ ਉਥੇ' ਰਹਿਣਾ ਓਪਰਾ ਨਹੀਂ ਰਹੇਗਾ।

ਏਥੇ ਰਹਿਣਾ ਜਾਂ ਉਥੇ ਰਹਿਣਾ ਜਾਂ ਏਥੇ-ਉਥੇ ਰਹਿਣਾ ਸਾਡੀ ਆਪਣੀ ਚੋਣ ਹੈ – ਫੇਰ ਕਿਉਂ ਤੇ ਸ਼ਿਕਾਇਤ ਕਿਸਤੇ? ਜੇ ਕੁਝ ਗ਼ਲਤ ਹੈ ਤਾਂ ਠੀਕ ਕਰਨ ਵਾਲੀ ਦਿਸ਼ਾ ਵੱਲ ਕਦਮ ਪੁੱਟੋ।

---


BLOCK BROS.

BLOCK BROS. REALTY LTD.
A Division of Block Bros. Industries Ltd.
9360 – 120 Street, Surrey, B.C.
581-4601



Darshan Uppal
Res.: 594-8758

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਤੁਹਾਡੇ ਨਵੇਂ ਸਹਾਇਕ

ਦਰਸ਼ਨ ਉੱਪਲ

581-4601 594-8758




# PARIS FASHION EMPORIUM

**220 Volt Electronic Goods**

Gifts from many countries of the world

★

LONG DRESSES

★

New Fashion Jewellery

## 3499 Kingsway, Vancouver

**Phone 437-4322**

Associated Offices in OSAKA, (JAPAN) and SEOUL, (KOREA)

ਹਿੰਦੀ ਕਹਾਣੀ:

# ਗੁਆਚੇ ਰਾਹ

ਕਮਲੇਸ਼ਵਰ



ਕਹਾਣੀਕਾਰ ਕਮਲੇਸ਼ਵਰ

ਸੜਕ ਦੇ ਮੋੜ 'ਤੇ ਲੱਗੀ ਰੇਲਿੰਗ ਦੇ ਸਹਾਰੇ ਚੰਦਰ ਖੜ੍ਹਾ ਸੀ। ਸਾਹਮਣੇ, ਸੱਜੇ-ਖੱਬੇ ਆਦਮੀਆਂ ਦਾ ਹੜ੍ਹ ਸੀ। ਸ਼ਾਮ ਹੋ ਰਹੀ ਸੀ ਤੇ ਕਨਾਟ ਪਲੇਸ ਦੀਆਂ ਬੱਤੀਆਂ ਜਗਮਗਾਉਣ ਲਗੀਆਂ ਸਨ। ਥਕਾਵਟ ਨਾਲ ਉਸ ਦੇ ਪੈਰ ਜਵਾਬ ਦੇ ਰਹੇ ਸਨ। ਕਿਤੇ ਦੂਰ ਆਇਆ-ਗਿਆ ਵੀ ਤਾਂ ਨਹੀਂ, ਫਿਰ ਵੀ ਥਕਾਵਟ ਸਾਰੇ ਸਰੀਰ ਵਿਚ ਭਰੀ ਹੋਈ ਸੀ। ਦਿਲ ਤੇ ਦਿਮਾਗ ਐਨਾ ਥਕਿਆ ਹੋਇਆ ਸੀ ਕਿ ਲਗਦਾ ਸੀ ਉਹੀ ਥਕਾਵਟ ਹੌਲੀ ਹੌਲੀ ਉਤਰ ਕੇ ਤਨ ਵਿਚ ਫੈਲਦੀ ਜਾ ਰਹੀ ਸੀ।

ਪੂਰਾ ਦਿਨ ਬਰਬਾਦ ਹੋ ਗਿਆ। ਇਹੀ ਖੜਾ ਸੋਚ ਰਿਹਾ ਸੀ। ਘਰ ਜਾਣ ਨੂੰ ਵੀ ਮਨ ਨਹੀਂ ਕਰ ਰਿਹਾ ਸੀ। ਆਉਂਦੀਆਂ ਜਾਂਦੀਆਂ ਇਕੋ ਜਿਹੀਆਂ ਔਰਤਾਂ ਨੂੰ ਦੇਖਕੇ ਮਨ ਹੋਰ ਵੀ ਉਕਤਾਉਣ ਲਗਦਾ ਸੀ।

ਭੁੱਖ.. ਪਤਾ ਨਹੀਂ ਲੱਗੀ ਹੈ ਜਾਂ ਨਹੀਂ। ਉਹ ਦਿਮਾਗ ਤੇ ਜ਼ੋਰ ਪਾਉਂਦਾ ਹੈ—ਸਵੇਰੇ ਅੱਠ ਵਜੇ ਤੋਂ ਘਰੋਂ ਨਿਕਲਿਆ ਸੀ। ਇਕ ਪਿਆਲੀ ਕਾਫੀ ਤੋਂ ਬਿਨਾਂ ਤਾਂ ਕੁਝ ਢਿੱਡ ਵਿਚ ਗਿਆ ਨਹੀਂ।...ਤੇ ਤਦ ਉਸਨੂੰ ਅਹਿਸਾਸ ਹੋਇਆ ਕਿ ਥੋੜੀ ਥੋੜੀ ਭੁੱਖ ਲੱਗ ਰਹੀ ਹੈ। ਦਿਮਾਗ ਤੇ ਢਿੱਡ ਦਾ ਅਜਿਹਾ ਮੇਲ ਹੋ ਗਿਆ ਹੈ ਕਿ ਭੁੱਖ ਵੀ ਸੋਚਣ ਨਾਲ ਲਗਦੀ ਹੈ।

ਨਿਗਾਹ ਦੂਰ ਅਸਮਾਨ ਉਤੇ ਅਟਕ ਜਾਂਦੀ ਹੈ, ਜਿਥੇ ਇੱਲਾਂ ਉੱਡ ਰਹੀਆਂ ਹਨ ਤੇ ਜੁਰਾਬ ਦੀ ਸ਼ਕਲ ਵਿਚ ਕੱਟਿਆ ਹੋਇਆ ਅਸਮਾਨ ਦਿਖਾਈ ਦੇ ਰਿਹਾ ਹੈ। ਉਸ ਗੰਧਲੇ ਅਸਮਾਨ ਥਲੇ ਜਾਮਾ ਮਸਜਿਦ ਦਾ ਗੁੰਬਦ ਤੇ ਮੀਨਾਰ ਦਿਖਾਈ ਦੇ ਰਹੇ ਉਨ੍ਹਾਂ ਦੀਆਂ ਨੋਕਾਂ ਬੜੀਆਂ ਅਜੀਬ ਜਿਹੀਆਂ ਲਗ ਰਹੀਆਂ ਹਨ।

ਪਿਛੇ ਵਾਲੀ ਦੁਕਾਨ ਦੇ ਬਾਹਰ ਚੋਲੀਆਂ ਦਾ ਇਸ਼ਤਿਹਾਰ ਹੈ। ਰੀਗਲ ਬੱਸ-ਸਟਾਪ ਦੇ ਨਿੰਮ ਦੇ ਦਰਖਤਾਂ ਤੋਂ ਹੌਲੀ ਹੌਲੀ ਪੱਤੇ ਝੜ ਰਹੇ ਹਨ। ਬੱਸਾਂ ਜੂੰ-ਜੂੰ ਕਰਦੀਆਂ ਆਉਂਦੀਆਂ ਹਨ। ਇਕ ਛਿੰਨ ਠਹਿਰਦੀਆਂ ਹਨ। ਇਕ ਪਾਸਿਉਂ ਸਵਾਰੀਆਂ ਨੂੰ ਉਗਲਦੀਆਂ ਹਨ ਤੇ ਦੂਜੇ ਪਾਸੇ ਦੀ ਕਢ ਕੇ ਅਗੇ ਨਿਕਲ ਜਾਂਦੀਆਂ ਹਨ। ਚੌਰਾਹੇ ਤੇ ਬਤੀਆਂ ਲਗੀਆਂ ਹੋਈਆਂ ਹਨ। ਬਤੀਆਂ ਦੀਆਂ ਅੱਖਾਂ ਲਾਲ ਪੀਲੀਆ ਹੋ ਰਹੀਆਂ ਹਨ। ਸੈਂਕੜੇ ਲੋਕ ਗੁਜ਼ਰਦੇ ਹਨ ਪਰ ਕੋਈ ਉਸ ਨੂੰ ਨਹੀਂ ਪਹਿਚਾਣਦਾ। ਹਰ ਆਦਮੀ ਜਾਂ ਔਰਤ ਲਾਪਰਵਾਹੀ ਨਾਲ ਦੂਜਿਆਂ ਨੂੰ ਦੇਖਦਾ ਜਾਂ ਝੂਠੇ ਦਿਖਾਵੇ ਵਿਚ ਡੁੱਬਿਆ ਹੋਇਆ ਲੰਘ ਜਾਂਦਾ ਹੈ।

ਤੇ ਤਦ ਉਸ ਨੂੰ ਆਪਣਾ ਉਹ ਸ਼ਹਿਰ ਯਾਦ ਆਉਂਦਾ ਹੈ ਜਿਥੋਂ ਤਿੰਨ ਸਾਲ ਪਹਿਲਾਂ ਉਹ ਤੁਰ ਆਇਆ ਸੀ—ਗੰਗਾ ਦੇ ਸੁੰਨਸਾਨ ਕਿਨਾਰੇ ਤੇ ਵੀ ਜੇ ਕੋਈ ਅਨਜਾਣ ਮਿਲ ਜਾਂਦੇ ਤਾਂ ਨਜ਼ਰਾਂ ਵਿਚ ਪਹਿਚਾਣ ਦੀ ਝਲਕ ਤੈਰ ਜਾਂਦੀ।

ਤੇ ਇਹ ਰਾਜਧਾਨੀ! ਜਿੱਥੇ ਸਭ ਆਪਣਾ ਹੈ, ਆਪਣੇ ਦੇਸ਼ ਦਾ ਹੈ......ਪਰ ਕੁਝ ਵੀ ਆਪਣਾ ਨਹੀਂ ਹੈ, ਆਪਣੇ ਦੇਸ਼ ਦਾ ਨਹੀਂ ਹੈ।

ਸਾਰੀਆਂ ਸੜਕਾਂ ਹਨ ਜਿੱਥੇ ਉਹ ਜਾ ਸਕਦਾ ਹੈ, ਪਰ ਉਹ ਸੜਕਾਂ ਕਿਤੇ ਨਹੀਂ ਪਹੁੰਚਦੀਆਂ। ਉਨ੍ਹਾਂ ਸੜਕਾਂ ਦੇ ਕਿਨਾਰੇ ਘਰ ਹਨ, ਬਸਤੀਆਂ ਹਨ, ਪਰ ਕਿਸੇ ਦੇ ਘਰ ਵਿਚ ਉਹ ਨਹੀਂ ਜਾ ਸਕਦਾ। ਉਨ੍ਹਾਂ ਘਰਾਂ ਦੇ ਬਾਹਰ ਫਾਟਕ ਹਨ, ਜਿਨ੍ਹਾਂ ਉਤੇ ਕੁੱਤਿਆਂ ਤੋਂ ਹੁਸ਼ਿਆਰ ਰਹਿਣ ਲਈ ਚਿਤਾਵਨੀ ਹੈ, ਫੁੱਲ ਤੋੜਨ ਦੀ ਮਨਾਹੀ ਹੈ ਤੇ ਘੰਟੀ ਵਜਾ ਕੇ ਇੰਤਜ਼ਾਰ ਕਰਨ ਦੀ ਮਜਬੂਰੀ ਹੈ।

... ...ਘਰੇ ਨਿਰਮਲਾ ਇੰਤਜ਼ਾਰ ਕਰ ਰਹੀ ਹੋਵੇਗੀ। ਉਥੇ ਪਹੁੰਚ ਕੇ ਵੀ ਪਹਿਲਾਂ ਮਹਿਮਾਨ ਵਾਂਗ ਕੁਰਸੀ ਤੇ ਬੈਠਣਾ ਪਵੇਗਾ, ਕਿਉਂਕਿ ਬਿਸਤਰੇ ਤੇ ਕਮਰੇ ਦਾ ਪੂਰਾ ਸਾਮਾਨ ਸਜਿਆ ਹੋਵੇਗਾ ਤੇ ਉਹ ਹੀਟਰ ਤੇ ਰੋਟੀ ਪਕਾ ਰਹੀ ਹੋਵੇਗੀ। ਚੁੱਪ-ਚਾਪ ਉਹ ਹਵਾ ਦੇ ਬੁੱਲੇ ਦੀ ਤਰ੍ਹਾਂ ਕਮਰੇ ਵਿਚ ਘੁਸ ਵੀ ਨਹੀਂ ਸਕਦਾ ਤੇ ਨਾ ਉਸ ਨੂੰ ਬਾਹਾਂ ਵਿਚ ਲੈ ਕੇ ਪਿਆਰ ਹੀ ਕਰ ਸਕਦਾ ਹੈ, ਕਿਉਂਕਿ ਗੁਪਤਾ ਜੀ ਅਜੇ ਮਿਲ ਤੋਂ ਵਾਪਸ ਨਹੀਂ ਆਏ ਹੋਣਗੇ ਤੇ ਮਿਸਜ਼ ਗੁਪਤਾ ਵੇਹਲੀ ਬੈਠੀ ਗੱਪਾਂ ਮਾਰ ਰਹੀ ਹੋਵੇਗੀ ਜਾਂ ਕਿਸੇ ਸਵੈਟਰ ਦੀ ਬੁਣਤੀ ਸਿੱਖ ਰਹੀ ਹੋਵੇਗੀ। ਜੇ ਉਹ ਚਲਿਆ ਵੀ ਗਿਆ ਤਾਂ ਕਮਰੇ ਵਿਚ ਅਦਬ ਨਾਲ ਜਾਏਗਾ, ਫਿਰ ਮਿਸਜ਼ ਗੁਪਤਾ ਨਾਲ ਏਧਰ-ਉਧਰ ਦੀਆਂ ਦੋ-ਚਾਰ ਗੱਲਾਂ ਕਰੇਗਾ। ਤਦ ਬੀਵੀ ਰੋਟੀ ਖਾਣ ਦੀ ਗੱਲ ਕਰੇਗੀ। ਤੇ ਰੋਟੀ ਦੀ ਗੱਲ ਸੁਣਕੇ ਮਿਸਜ਼ ਗੁਪਤਾ ਘਰ ਜਾਣ ਲਈ ਉੱਠੇਗੀ।

ਤੇ ਫਿਰ ਉਸ ਪਿਛੋਂ ਵੱਡੀ ਖਿੜਕੀ ਦਾ ਪਰਦਾ ਖਿਸਕਾਉਣਾ ਪਵੇਗਾ। ਕਿਸੇ ਬਹਾਨੇ ਖੁਰਾਣਾ ਵਾਲੇ ਪਾਸੇ ਦੀ ਖਿੜਕੀ ਨੂੰ ਬੰਦ ਕਰਨਾ ਪਵੇਗਾ। ਘੁੰਮ ਕੇ ਮੇਜ਼ ਕੋਲ ਪਹੁੰਚਣਾ ਪਵੇਗਾ। ਤੇ ਤਦ ਪਾਣੀ ਦਾ ਇਕ ਗਲਾਸ ਮੰਗਣ ਬਹਾਨੇ ਉਹ ਪਤਨੀ ਬੁਲਾਏਗਾ; ਤਦ ਉਸ ਨੂੰ ਬਾਹਾਂ ਵਿਚ ਲੈ ਕੇ ਪਿਆਰ ਨਾਲ ਇਹ ਕਹਿ ਸਕਣ ਦਾ ਮੌਕਾ ਆਏਗਾ—ਬਹੁਤ ਥੱਕ ਗਿਆ ਹਾਂ।

ਪਰ ਅਜਿਹਾ ਹੋਵੇਗਾ ਨਹੀਂ। ਐਨੀ ਲੰਬੀ ਪ੍ਰਕ੍ਰਿਆ ਚੋਂ ਗੁਜ਼ਰਨ ਤੋਂ ਪਹਿਲਾਂ ਹੀ ਉਸਦਾ ਮਨ ਝੁੰਜਲਾ ਉਠੇਗਾ ਤੇ ਇਹ ਕਹਿਣ ਤੇ ਮਜਬੂਰ ਹੋ ਜਾਵੇਗਾ, ਓਏ ਬਈ, ਰੋਟੀ ਵਿਚ ਕਿੰਨੀ ਦੇਰ ਹੈ? ਸਾਰਾ ਪਿਆਰ ਤੇ ਸਮੁੱਚੀ ਪਹਿਚਾਣ ਪਤਾ ਨਹੀਂ ਕਿਥੇ ਛੁਪ ਚੁਕੀ ਹੋਵੇਗੀ, ਅਜੀਬ ਜਿਹਾ ਬੇਗਾਨਾਪਣ ਹੋਵੇਗਾ। ਬੇਕਰੀ ਵਾਲਿਆਂ ਦਾ ਭਰੜਾਈ ਆਵਾਜ਼ ਵਿਚ ਰੇਡੀਓ ਗਾ ਰਿਹਾ ਹੋਵੇਗਾ ਤੇ ਗੁਲਾਟੀ ਦੇ ਥੱਕੇ ਹੋਏ ਕਦਮਾਂ ਦੀ ਖੋਖਲੀ ਅਵਾਜ਼ ਪੌੜੀਆਂ ਚੋਂ ਸੁਣਾਈ ਦੇਵੇਗੀ।

ਗਲੀ ਵਿਚ ਕੋਈ ਸਕੂਟਰ ਆ ਕੇ ਰੁਕੇਗਾ ਤੇ ਉਸ ਵਿਚੋਂ ਕੋਈ ਬਿਨਾਂ ਪਹਿਚਾਣਿਆਂ ਆਦਮੀ ਕਿਸੇ ਹੋਰ ਦੇ ਘਰ ਚਲਿਆ ਜਾਵੇਗਾ। ਮੋਟਰਾਂ ਦੀ ਮੁਰੰਮਤ ਕਰਨ ਵਾਲੇ ਗੈਰਿਜ ਦਾ ਮਾਲਕ ਸਰਦਾਰ ਚਾਬੀਆਂ ਲੈ ਕੇ ਘਰ ਜਾਣ ਦੀ ਉਡੀਕ ਵਿਚ ਅੱਧੀ ਰਾਤ ਤਕ ਬੈਠਾ ਰਹੇਗਾ, ਕਿਉਂਕਿ ਉਸ ਨੂੰ ਪੰਦਰਾਂ ਸਾਲ ਪੁਰਾਣੇ ਮਕੈਨਕ ਤੇ ਵੀ ਸ਼ਾਇਦ ਵਿਸ਼ਵਾਸ ਨਹੀਂ ਹੈ।

ਤੇ ਸਾਹਮਣੇ ਰਹਿਣ ਵਾਲੇ ਬਿਸ਼ਨ ਕਪੂਰ ਦੇ ਆਉਣ ਦਾ ਖੜਾਕ ਜਿਹਾ ਮਿਲੇਗਾ। ਪਿਛਲੇ ਦੋ ਸਾਲਾਂ ਤੋਂ ਉਸ ਨੇ ਉਨ੍ਹਾਂ ਦੇ ਨਾਉਂ ਦੀ ਪਲੇਟ ਦੇਖੀ ਹੈ—ਬਿਸ਼ਨ ਕਪੂਰ, ਜਰਨਲਿਸਟ... ਤੇ ਉਸ ਦੀ ਸ਼ਕਲ ਬਾਰੇ ਉਹ ਕੇਵਲ ਐਨਾ ਜਾਣਦਾ ਹੈ ਕਿ ਸਾਹਮਣੇ ਵਾਲੀ ਖਿੜਕੀ ਚੋਂ ਜਦੋਂ ਬਿਜਲੀ ਦੀ ਰੋਸ਼ਨੀ ਛਣਣ ਲਗਦੀ ਹੈ ਤੇ ਸਿਗਰਟ ਦਾ ਧੂੰਆਂ ਸਲਾਖਾਂ ਨਾਲ ਲਿਪਟ ਲਿਪਟ ਕੇ ਬਾਹਰ ਦੇ ਹਨੇਰੇ ਵਿਚ ਡੁਬ ਜਾਂਦਾ ਹੈ ਤਾਂ ਬਿਸ਼ਨ ਕਪੂਰ ਨਾਉਂ ਦਾ ਇਕ ਆਦਮੀ ਅੰਦਰ ਹੁੰਦਾ ਹੈ ਤੇ ਸਵੇਰੇ ਜਦ ਉਸ ਦੀ ਖਿੜਕੀ ਦੇ ਥੱਲੇ ਅੰਡੇ ਦੇ ਛਿਲਕੇ, ਡਬਲ ਰੋਟੀ ਦਾ ਰੈਪਰ ਤੇ ਜਲੀਆਂ ਹੋਈਆਂ ਸਿਗਰਟਾਂ, ਤੀਲੀਆਂ ਤੇ ਸੁਆਹ ਖਿਲਰੀ ਹੋਈ ਹੁੰਦੀ ਹੈ ਤਾਂ ਬਿਸ਼ਨ ਕਪੂਰ ਨਾਉਂ ਦਾ ਆਦਮੀ ਜਾ ਚੁਕਿਆ ਹੁੰਦਾ ਹੈ।

ਸੋਚਦੇ ਸੋਚਦੇ ਉਸ ਨੂੰ ਲਗਿਆ ਕਿ ਜੁਰਾਬ ਦੀ ਬਦਬੂ ਹੋਰ ਵੀ ਤੇਜ਼ ਹੁੰਦੀ ਜਾ ਰਹੀ ਹੈ ਤੇ ਹੁਣ ਰੇਲਿੰਗ ਦੇ ਕੋਲ ਖੜੇ ਰਹਿਣਾ ਮੁਸ਼ਕਿਲ ਹੈ, ਜੇਬ ਵਿਚੋਂ ਡਾਇਰੀ ਕੱਢ ਕੇ ਉਸਨੇ ਅਗਲੇ ਦਿਨ ਦੀਆਂ ਮੁਲਾਕਾਤਾਂ ਬਾਰੇ ਜਾਣ ਲੈਣਾ ਚਾਹਿਆ।

..ਅੰਗਰੇਜ਼ੀ ਅਖਬਾਰ ਨੂੰ ਪਹਿਲਾਂ ਫੋਨ ਕਰਨਾ ਹੈ ਫਿਰ ਸਮਾਂ ਤਹਿ ਕਰਕੇ ਮਿਲਣਾ ਹੈ. ਰੇਡੀਓ 'ਚ ਇਕ ਚੱਕਰ ਲਾਉਣਾ ਹੈ। ਪਿਛਲਾ ਚੈੱਕ ਰਿਜ਼ਰਵ ਬੈਂਕ ਚੋਂ ਕੈਸ਼ ਕਰਵਾਉਣਾ ਹੈ ਤੇ ਘਰ ਇਕ ਮਨੀਆਰਡਰ ਭੇਜਣਾ ਹੈ। ਕਲ ਦਾ ਪੂਰਾ ਸਮਾਂ ਵੀ ਏਸੇ ਵਿਚ ਨਿਕਲ ਜਾਵੇਗਾ, ਕਿਉਂਕਿ ਅਖਬਾਰ ਦਾ ਸੰਪਾਦਕ ਜਾਣਕਾਰ ਨਹੀਂ ਹੈ ਜਿਹੜਾ ਉਸੇ ਵੇਲੇ ਬੁਲਾ ਲਵੇ ਤੇ ਖੁਲ੍ਹ ਕੇ ਗੱਲ ਕਰ ਲਵੇ ਤੇ ਕੋਈ ਗੱਲ ਤਹਿ ਹੋ ਜਾਵੇ। ਰੇਡੀਓ ਵਿਚ ਵੀ ਕੋਈ ਗੱਲ ਦਸ ਮਿੰਟਾਂ ਵਿਚ ਤਹਿ ਨਹੀਂ ਹੋ ਸਕਦੀ ਤੇ ਰਿਜ਼ਰਵ ਬੈਂਕ ਵਿਚ ਕਾਊਂਟਰ ਤੇ ਅਲਾਹਾਬਾਦ ਵਾਲਾ ਅਮਰਨਾਥ ਨਹੀਂ ਹੈ ਜਿਹੜਾ ਉਸੇ ਵੇਲੇ ਚੈੱਕ ਲੈਕੇ ਪੈਸੇ ਲਿਆ ਦੇਵੇ। ਡਾਕਖਾਨੇ ਵਿਚ ਵਪਾਰੀਆਂ ਦੇ ਚਪੜਾਸੀਆਂ ਦੀ ਭੀੜ ਹੋਵੇਗੀ, ਜਿਹੜੇ ਦਸ ਦਸ ਮਨੀਆਰਡਰ ਫਾਰਮ ਲਈ ਕਤਾਰ ਵਿਚ ਖੜੇ ਹੋਣਗੇ ਤੇ ਇਕ ਕਾਗਜ਼ ਤੇ ਪੂਰੀ ਰਕਮ ਤੇ ਮਨੀਆਰਡਰ ਕਮਿਸ਼ਨ ਦਾ ਜੋੜ ਲਾਉਣ ਵਿਚ ਰੁਝੇ ਹੋਣਗੇ। ਉਨ੍ਹਾਂ ਵਿਚੋਂ ਕੋਈ ਵੀ ਉਸ ਨੂੰ ਨਹੀਂ ਪਹਿਚਾਣਦਾ ਹੋਵੇਗਾ।

ਇਕ ਛਿੰਨ ਦੀ ਜਾਣ-ਪਹਿਚਾਣ ਦਾ ਸਿਲਸਲਾ ਸਿਰਫ ਪੈੱਨ ਹੋਵੇਗਾ, ਜਿਸ ਨੂੰ ਕੋਈ ਨਾ ਕੋਈ ਦੋ ਅੱਖਰ ਲਿਖਣ ਲਈ ਮੰਗੇਗਾ ਤੇ ਲਿਖ ਚੁੱਕਣ ਦੇ ਬਾਅਦ ਆਪਣਾ ਖਤ ਪੜ੍ਹਦੇ ਹੋਏ ਉਹ ਖੱਬੇ ਹੱਥ ਨਾਲ ਉਸਨੂੰ ਪੈੱਨ ਮੋੜ ਕੇ ਸ਼ਾਇਦ ਹੌਲੀ ਦੇ ਕੇ ਥੈਂਕਯੂ ਕਹੇਗਾ ਤੇ ਟਿਕਟਾਂ ਵਾਲੇ ਕਾਊਂਟਰ ਵਲ ਚਲਿਆ ਜਾਵੇਗਾ।

ਤੇ ਤਦ ਉਸਨੂੰ ਝੁੰਜਲਾਹਟ ਜਿਹੀ ਹੋਈ। ਡਾਇਰੀ ਹੱਥ ਵਿਚ ਸੀ ਤੇ ਉਸ ਦੀਆਂ ਨਿਗਾਹਾਂ ਫਿਰ ਦੂਰ ਦੀਆਂ ਉਚੀਆਂ ਇਮਾਰਤਾਂ 'ਤੇ ਅਟਕ ਗਈਆਂ ਸਨ, ਜਿਨ੍ਹਾਂ ਉਤੇ ਬਿਜਲੀ ਦੇ ਮੁਕਟ ਜਗਮਗਾ ਰਹੇ ਸਨ। ਤੇ ਉਨ੍ਹਾਂ ਨਾਵਾਂ ਵਿਚੋਂ ਉਹ ਕਿਸੇ ਨੂੰ ਨਹੀਂ ਜਾਣਦਾ ਸੀ। ਅਲਾਹਾਬਾਦ ਵਿਚ ਸਭ ਤੋਂ ਵੱਡੇ ਕਪੜੇ ਵਾਲੇ ਬਾਰੇ ਐਨਾ ਤਾਂ ਪਤਾ ਸੀ ਕਿ ਪਹਿਲਾਂ ਉਹ ਬਹੁਤ ਗਰੀਬ ਸੀ ਤੇ ਮੋਢੇ ਤੇ ਕਪੜਾ ਰਖ ਕੇ ਫੇਰੀ ਲਾਉਂਦਾ ਸੀ ਤੇ ਹੁਣ ਉਸ

ਦਾ ਲਗਦਾ ਵਿਦੇਸ਼ ਪਸ਼ੂਨ ਗਿਆ ਹੋਇਆ ਹੈ ਤੇ ਖੁਦ ਉਹ ਬਹੁਤ ਧਾਰਮਕ ਆਦਮੀ ਹੈ ਜਿਹੜਾ ਹੁਣ ਮੱਥੇ ਤੇ ਛਾਪ-ਤਿਲਕ ਲਾ ਕੇ ਮਨ-ਭਾਉਂਦਾ ਮੁਨਾਫਾ ਵਸੂਲ ਕਰਦਾ ਹੈ ਤੇ ਕਾਰਪੋਰੇਸ਼ਨ ਦੀ ਚੋਣ ਲੜਨ ਦੀ ਤਿਆਰੀ ਕਰ ਰਿਹਾ ਹੈ। ਏਥੇ ਕੁਝ ਵੀ ਪਤਾ ਨਹੀਂ ਲਗਦਾ, ਕਿਸੇ ਬਾਰੇ ਕੁਝ ਵੀ ਮਾਲੂਮ ਨਹੀਂ।

ਕਨਾਟ ਪਲੇਸ ਵਿਚ ਖੁਲ੍ਹੇ ਖੁਲ੍ਹੇ ਲਾਨ ਹਨ। ਇਕੱਲੇ ਦਰਖਤ ਹਨ ਤੇ ਉਨ੍ਹਾਂ ਦੂਰ ਦੂਰ ਖੜ੍ਹੇ ਇਕੱਲੇ ਦਰਖਤਾਂ ਥੱਲੇ ਕਾਰਪੋਰੇਸ਼ਨ ਦੀਆਂ ਬੈਂਚਾਂ ਹਨ, ਜਿਨ੍ਹਾਂ ਤੇ ਥੱਕੇ ਹੋਏ ਲੋਕ ਬੈਠੇ ਹਨ ਤੇ ਲਾਅਨ ਵਿਚ ਇਕ-ਅਧ ਬੱਚੇ ਦੌੜ ਰਹੇ ਹਨ। ਬੱਚਿਆਂ ਦੀਆਂ ਸ਼ਕਲਾਂ ਤੇ ਸ਼ਰਾਰਤਾਂ ਤਾਂ ਬਹੁਤ ਪਹਿਚਾਣੀਆਂ ਜਿਹੀਆਂ ਲਗਦੀਆਂ ਹਨ, ਪਰ ਗੋਲਗਪੇ ਖਾਂਦੀ ਹੋਈ ਉਨ੍ਹਾਂ ਦੀ ਮੰਮੀ ਅਜਨਬੀ ਹੈ, ਕਿਉਂ ਕਿ ਉਸਦੀਆਂ ਅੱਖਾਂ ਵਿਚ ਮਾਸੂਮੀਅਤ ਤੇ ਨਿਘ ਭਰਿਆ ਪਿਆਰ ਨਹੀਂ ਹੈ, ਉਸਦੇ ਸਰੀਰ ਵਿਚ ਮਮਤਾ ਦੀ ਸੁੰਦਰਤਾ ਤੇ ਦਿਖਾਵਟ ਵੀ ਨਹੀਂ ਹੈ, ਉਸ ਵਿਚ ਸਿਰਫ ਇਕ ਖੁਮਾਰ ਹੈ ਤੇ ਇਕ ਬਹੁਤ ਬੇਅਰਥ ਤੇ ਘਸੀ ਹੋਈ ਲਲਕਾਰ ਹੈ, ਜਿਸਨੂੰ ਨਾ ਤਾਂ ਭੰਡਿਆ ਜਾ ਸਕਦਾ ਹੈ ਤੇ ਨਾ ਸਵੀਕਾਰ ਕੀਤਾ ਜਾ ਸਕਦਾ ਹੈ—ਉਹ ਲਲਕਾਰ ਸਭ ਕੰਨਾਂ ਵਿਚ ਗੂੰਜਦੀ ਹੈ ਸਭ ਬਹਿਰਿਆਂ ਦੀ ਤਰ੍ਹਾਂ ਗੁਜ਼ਰ ਜਾਂਦੇ ਹਨ।

ਲਾਨ ਉਤੇ ਕੁਝ ਪਲ ਬੈਠਣ ਨੂੰ ਮਨ ਕੀਤਾ ਪਰ ਉਸਨੂੰ ਲੱਗਿਆ ਕਿ ਉਥੇ ਵੀ ਕੋਈ ਟਿਕਾਣਾ ਨਹੀਂ, ਅਜੇ ਕੱਲ ਹੀ ਤਾਂ ਚੋਰਾਂ ਵਾਂਗ ਦੱਬੇ ਪੈਰੀਂ ਘਾਹ ਵਿਚ ਵਹਿੰਦਾ ਹੋਇਆ ਪਾਣੀ ਆਇਆ ਸੀ ਤੇ ਉਸਦੇ ਕਪੜੇ ਭਿੱਜ ਗਏ ਸਨ।

ਇਕੱਲੇ ਖੜੇ ਦਰਖਤਾਂ ਤੇ ਉਨ੍ਹਾਂ ਥੱਲੇ ਸਿਮਟਦੇ ਹਨੇਰੇ ਵਿਚ ਅਜੀਬ ਜਿਹਾ ਸਖਣਾਪਣ ਹੈ। ਤਨਹਾਈ ਹੀ ਸਹੀ ਪਰ ਉਸ ਵਿਚ ਅਪਣਤ ਤਾਂ ਹੋਵੇ। ਉਹ ਤਨਹਾਈ ਵੀ ਕਿਸੇ ਦੀ ਨਹੀਂ ਹੈ ਕਿਉਂਕਿ ਹਰ ਦਸ ਮਿੰਟਾਂ ਬਾਅਦ ਪੁਲਸ ਦਾ ਆਦਮੀ ਉਧਰ ਦੀ ਘੁੰਮਦਾ ਹੋਇਆ ਨਿਕਲ ਜਾਂਦਾ ਹੈ। ਝਾੜੀਆਂ ਦੀਆਂ ਸੁੱਕੀਆਂ ਟਹਿਣੀਆਂ ਵਿਚ ਆਈਸ ਕਰੀਮ ਦੇ ਕਾਗਜ਼ ਤੇ ਛੋਲਿਆਂ ਦੀਆਂ ਖਾਲੀ ਪੁੜੀਆਂ ਉਲਝੀਆਂ ਹੋਈਆਂ ਹਨ ਜਾਂ ਕੋਈ ਬੇਘਰ-ਬਾਰ ਆਦਮੀ ਸ਼ਰਾਬ ਦੀ ਖਾਲੀ ਬੋਤਲ ਸੁੱਟ ਕੇ ਚਲਿਆ ਗਿਆ ਹੈ।

ਡਾਇਰੀ 'ਤੇ ਫਿਰ ਉਸਦੀ ਨਜ਼ਰ ਜੰਮ ਜਾਂਦੀ ਹੈ,... ... ਤੇ ਸ਼ੋਰ—ਸ਼ਰਾਬੇ ਨਾਲ ਭਰੇ ਉਸ ਸੈਲਾਬ ਵਿਚ ਉਹ ਬਹੁਤ ਇਕੱਲਾ ਜਿਹਾ ਮਹਿਸੂਸ ਕਰਦਾ ਹੈ ਤੇ ਲਗਦਾ ਹੈ ਕਿ ਇਨ੍ਹਾਂ ਤਿੰਨ ਸਾਲਾਂ ਵਿਚ ਅਜਿਹਾ ਕੁਝ ਵੀ ਨਹੀਂ ਹੋਇਆ ਜਿਹੜਾ ਉਸਦਾ ਆਪਣਾ ਹੋਵੇ, ਜਿਸ ਦੀ ਰਮਕ ਅਜੇ ਤਕ ਹੋਵੇ, ਖੁਸ਼ੀ ਜਾਂ ਦਰਦ ਅਜੇ ਵੀ ਮੌਜੂਦ ਹੋਵੇ। ਰੇਗਿਸਤਾਨ ਦੀ ਤਰ੍ਹਾਂ ਫੈਲੀ ਹੋਈ ਤਨਹਾਈ ਹੈ ਅਣਜਾਣ ਸਾਗਰ ਕੰਢਿਆਂ ਦੀ ਖਾਮੋਸ਼ੀ ਤੇ ਸੁੰਨਾਪਨ ਹੈ ਤੇ ਪਛਾੜ ਖਾਂਦੀਆਂ ਹੋਈਆਂ ਲਹਿਰਾਂ ਦਾ ਸ਼ੋਰ ਹੀ ਹੈ ਜਿਸ ਨਾਲ ਖਾਮੋਸ਼ੀ ਹੋਰ ਵੀ ਗਹਿਰੀ ਹੁੰਦੀ ਹੈ।

ਜੁਰਾਬ ਦੀ ਸ਼ਕਲ ਵਿਚ ਕੱਟਿਆ ਹੋਇਆ ਅਸਮਾਨ ਹੈ ਤੇ ਜਾਮਾ ਮਸਜਦ ਦੇ ਗੁੰਬਦ ਦੇ ਉੱਤੇ ਚੱਕਰ ਕਟਦੀਆਂ ਹੋਈਆਂ ਇੱਲਾਂ ਹਨ। ਔਰਤਾਂ ਦਾ ਪਿੱਛਾ ਕਰਦੇ ਹੋਏ ਫੁੱਲ ਵੇਚਣ ਵਾਲੇ ਤੇ ਯਤੀਮ ਬੱਚਿਆਂ ਦੇ ਹਥ ਵਿਚ ਸ਼ਾਮ ਦੀਆਂ ਖਬਰਾਂ ਦੇ ਅਖ਼-ਬਾਰ ਹਨ।

... ...ਤੇ ਉਸੇ ਵੇਲੇ ਚੰਦਰ ਨੂੰ ਲੱਗਿਆ ਕਿ ਇਕ ਅਰਸਾ ਹੋ ਗਿਆ, ਇਕ ਜ਼ਮਾਨਾ ਗੁਜ਼ਰ ਗਿਆ, ਉਹ ਖੁਦ ਆਪਣੇ ਆਪ ਨੂੰ ਨਹੀਂ ਮਿਲ ਸਕਿਆ। ਇਹ ਵੀ ਨਹੀਂ ਪੁਛਿਆ ਕਿ ਆਖਰ ਤੇਰਾ ਹਾਲ ਚਾਲ ਕੀ ਹੈ ਤੇ ਤੈਨੂੰ ਕੀ ਚਾਹੀਦਾ ਹੈ? ਹਲਕੀ ਜਿਹੀ ਮੁਸਕਰਾ-ਹਟ ਉਸ ਦੇ ਬੁੱਲ੍ਹਾਂ ਤੇ ਆਈ ਤੇ ਉਸਨੇ ਹਰ ਸ਼ੁਕਰਵਾਰ ਦੇ ਅਗੇ ਨੋਟ ਕੀਤਾ—ਖੁਦ ਨੂੰ ਮਿਲਣਾ ਹੈ। ਸ਼ਾਮ ਸੱਤ ਵਜੇ ਤੋਂ ਲੈ ਕੇ ਨੌਂ ਵਜੇ ਤਕ।... ਤੇ ਅੱਜ ਵੀ ਤਾਂ ਸ਼ੁਕਰਵਾਰ ਹੀ ਹੈ। ਇਹ ਮੁਲਾਕਾਤ ਅਜ ਹੀ ਹੋਣੀ ਚਾਹੀਦੀ ਹੈ। ਘੜੀ ਤੇ ਨਿਗਾਹ ਜਾਂਦੀ ਹੈ, ਸੱਤ ਵਜੇ ਹਨ। ਪਰ ਮਨ ਦਾ ਚੋਰ ਹਾਵੀ ਹੋ ਜਾਂਦਾ ਹੈ। ਕਿਉਂ ਨਾ ਟੀ-ਹਾਊਸ ਵਿਚ ਇਕ ਪਿਆਲਾ ਚਾਹ ਪੀ ਲਈ ਜਾਵੇ? ਪਤਾ ਨਹੀਂ ਕਿਉਂ ਮਨ ਆਪਣੇ ਆਪ ਨੂੰ ਮਿਲਣ ਤੋਂ ਘਬਰਾਉਂਦਾ ਹੈ। ਬਹੁਤ ਕਤਰਾਉਂਦਾ ਹੈ।

ਉਸੇ ਵੇਲੇ ਉਧਰ ਤੋਂ ਆਉਂਦਾ ਹੋਇਆ ਆਨੰਦ ਦਿਖਾਈ ਦਿੰਦਾ ਹੈ। ਉਹ ਉਸ ਨਾਲ ਵੀ ਨਹੀਂ ਮਿਲਣਾ ਚਾਹੁੰਦਾ। ਬੜੀ ਬੁਰੀ ਬੀਮਾਰੀ ਹੈ ਆਨੰਦ ਨੂੰ। ਉਹ ਇਸ ਛੂਤ ਤੋਂ ਬਚਿਆ ਰਹਿਣਾ ਚਾਹੁੰਦਾ ਹੈ। ਅਨੰਦ ਦੁਨੀਆਂ ਵਿਚ ਦੋਸਤਾਂ ਦੀ ਖੋਜ ਕਰਦਾ ਹੈ ਅਜਿਹੇ ਦੋਸਤ ਜੋ ਜ਼ਿੰਦਗੀ ਵਿਚ ਡੂੰਘੇ ਨਾ ਉਤਰਨ ਪਰ ਉਸ ਦੇ ਨਾਲ ਕੁਝ ਦੇਰ ਰਹਿ ਸਕਣ ਤੇ ਗਲ ਕਰ ਸਕਣ। ਉਸ ਦੀਆਂ ਗੱਲਾਂ ਵਿਚ ਅਜੀਬ ਜਿਹਾ ਬਨਾਵਟੀਪਨ ਹੈ, ਉਹ ਬਨਾਵਟੀਪਨ ਜਿਹੜਾ ਆਦਮੀ ਕਿਤਾਬਾਂ ਚੋਂ ਸਿਖਦਾ ਹੈ, ਤੇ ਉਸ ਨੂੰ ਲਗਦਾ ਹੈ ਕਿ ਉਹੀ ਬਨਾਵਟੀਪਨ ਖੁਦ ਉਸ ਵਿਚ ਵੀ ਕਿਤੇ ਨਾ ਕਿਤੇ ਹੈ... ਜਦ ਕਾਲਜ ਤੇ ਯੂਨੀ-ਵਰਸਿਟੀਆਂ ਦੇ ਦਰਜਿਆਂ ਵਿਚ ਬੈਠ-ਬੈਠ ਕੇ ਉਹ ਕਿਤਾਬਾਂ ਵਿਚੋਂ ਜ਼ਿੰਦਗੀਆਂ ਦੇ ਮਰੇ ਹੋਏ ਵੇਰਵੇ ਪੜ੍ਹਿਆ ਕਰਦਾ ਸੀ।

ਤੇ ਹੁਣ ਅੱਜ ਉਸ ਨੂੰ ਲਗਦਾ ਹੈ ਕਿ ਉਹ ਸਾਰਾ ਵਕਤ ਬੜੀ ਬੇਰਹਿਮੀ ਨਾਲ ਬਰਬਾਦ ਕੀਤਾ ਗਿਆ ਹੈ। ਉਸਨੇ ਉਨ੍ਹਾਂ ਖੰਡਰਾਂ ਵਿਚ ਸਮਾਂ ਬਰਬਾਦ ਕੀਤਾ ਹੈ ਜਿਨ੍ਹਾਂ ਦੀਆਂ ਕਥਾਵਾਂ ਅਧ-ਪੜ੍ਹੇ ਗਾਈਡਾਂ ਦੀ ਜ਼ਬਾਨ ਤੇ ਰਹਿੰਦੀਆਂ ਹਨ, ਜਿਹੜੇ ਹਰ ਵਾਰ ਉਨ੍ਹਾਂ ਮਰੀਆਂ ਹੋਈਆਂ ਕਹਾਣੀਆਂ ਨੂੰ ਹਰ ਦਰਸ਼ਕ ਦੇ ਸਾਹਮਣੇ ਦੁਹਰਾਉਂਦੇ ਜਾਂਦੇ ਹਨ—ਇਹ ਦੀਵਾਨਿ-ਖਾਸ ਹੈ, ਜ਼ਰਾ ਨਕਾਸ਼ੀ ਦੇਖੋ, ਏਥੇ ਹੀਰੇ-ਜਵਾਹਰਾਤ ਨਾਲ ਜੜਿਆ ਤਖਤ ਸੀ, ਇਹ ਜ਼ਨਾਨਾ ਹਮਾਮ ਹੈ ਤੇ ਉਹ ਜਗ੍ਹਾ ਜਿਥੋਂ ਬਾਦਸ਼ਾਹ ਆਪਣੀ ਰਿਆਇਆ ਨੂੰ ਦਰਸ਼ਨ ਦਿੰਦੇ ਸਨ, ਇਹ ਮਹਿਲ ਸਰਦੀਆਂ ਦਾ ਹੈ, ਇਹ ਬਰਸਾਤ ਦਾ ਤੇ ਇਹ ਹਵਾਦਾਰ ਮਹਿਲ ਗਰਮੀਆਂ ਦਾ ਤੇ ਏਧਰ ਆਓ ਸੰਭਲ ਕੇ, ਇਹ ਉਹ ਜਗ੍ਹਾ ਹੈ ਜਿਥੇ ਫਾਂਸੀ ਦਿੱਤੀ ਜਾਂਦੀ ਸੀ।

ਚੰਦਰ ਨੂੰ ਲੱਗਿਆ, ਜ਼ਿੰਦਗੀ ਦੇ ਪੰਝੀ ਸਾਲ ਉਹ ਉਨ੍ਹਾਂ ਗਾਈਡਾਂ ਦੇ ਨਾਲ ਖੰਡਰਾਂ ਵਿਚ ਬਿਤਾ ਕੇ ਆਇਆ ਹੈ ਜਿਨ੍ਹਾਂ ਦੀਆਂ ਜਿਉਂਦੀਆਂ ਕਥਾਵਾਂ ਨੂੰ ਉਹ ਕਦੇ ਨਹੀਂ ਜਾਣ ਸਕਿਆ। ਸਿਰਫ ਦੀਵਾਨਿ-ਖਾਸ ਉਸ ਨੂੰ ਦਿਖਾਇਆ ਗਿਆ। ਨਕਾਸ਼ੀ ਦਿਖਾਈ ਗਈ ਤੇ ਜ਼ਨਾਨੇ ਹਮਾਮ ਵਿਚ ਗੇੜਾ ਮਰਵਾ ਕੇ ਗਾਈਡ ਨੇ ਉਸ ਨੂੰ ਫਾਂਸੀ ਵਾਲੇ ਹਨੇਰੇ ਤੇ ਬਦਬੂਦਾਰ ਕਮਰੇ ਵਿਚ ਛੱਡ ਦਿਤਾ, ਜਿਥੇ ਚਮਗਿੱਦੜ ਲਟਕੇ ਹੋਏ ਚੀਕ ਰਹੇ ਹਨ ਤੇ ਇਕ ਬਹੁਤ ਪੁਰਾਣੀ ਇਤਿਹਾਸਕ ਰੱਸੀ ਲਟਕ ਰਹੀ ਹੈ ਜਿਸ ਦੀ ਗੰਢ ਗਰਦਨ ਵਿਚ ਫਸ ਜਾਂਦੀ ਹੈ ਤੇ ਆਦਮੀ ਝੂਲ ਜਾਂਦਾ ਹੈ ਤੇ ਉਸ ਪਿਛੋਂ ਅੰਨ੍ਹੇ ਖੂਹ ਵਿਚ ਸੁਟੀਆਂ ਗਈਆਂ ਉਹ ਸਿਰਫ ਲਾਸ਼ਾਂ ਰਹਿ ਜਾਂਦੀਆਂ ਹਨ।

ਉਸ ਵਿਚ ਤੇ ਉਨ੍ਹਾਂ ਵਿਚ ਕੋਈ ਫਰਕ ਨਹੀਂ ਹੈ।

ਤੇ ਆਨੰਦ ਵੀ ਉਨ੍ਹਾਂ ਤੋਂ ਵਖਰਾ ਨਹੀਂ ਹੈ। ਚੰਦਰ ਕਤਰਾ ਜਾਣਾ ਚਾਹੁੰਦਾ ਹੈ, ਕਿਉਂਕਿ ਆਨੰਦ ਆਉਂਦਿਆਂ ਹੀ ਕਿਤਾਬੀ ਤਰੀਕੇ ਨਾਲ ਕਹੇਗਾ—ਯਾਰ, ਤੇਰੇ ਵਾਲ ਬਹੁਤ ਖੂਬ-ਸੂਰਤ ਨੇ। ਬਰਿਲ ਕਰੀਮ ਲਾਉਂਦਾ ਏਂ? ਕੁੜੀਆਂ ਤਾਂ ਤਬਾਹ ਹੋ ਜਾਂਦੀਆਂ ਹੋਣਗੀਆਂ।

ਤੇ ਉਸੇ ਵੇਲੇ ਚੰਦਰ ਨੂੰ ਸਾਹਮਣੇ ਦੇਖਕੇ ਆਨੰਦ ਰੁਕ ਜਾਂਦਾ ਹੈ—ਹਲੋ, ਏਥੇ ਕਿਵੇਂ? ਕਿਉਂ ਕੁੜੀਆਂ ਤੇ ਜ਼ੁਲਮ ਕਰ ਰਿਹਾ ਏਂ? ਸੁਣਕੇ ਉਸ ਨੂੰ ਹਾਸੀ ਆ ਜਾਂਦੀ ਹੈ।

—ਕਿਧਰੋਂ ਆ ਰਿਹੈਂ? ਡਾਇਰੀ ਜੇਬ ਵਿਚ ਰਖਦੇ ਹੋਏ ਉਹ ਪੁਛਦਾ ਹੈ।

—ਅੱਜ ਤਾਂ ਐਵੇਂ ਹੀ ਫਸ ਗਏ, ਆ, ਇਕ ਪਿਆਲਾ ਕਾਫੀ ਹੋ ਜਾਏ। ਆਨੰਦ ਕਹਿੰਦਾ ਹੈ, ਫਿਰ ਇਕ ਬਿੰਦ ਰੁਕ ਕੇ ਉਹ ਦੂਜੀ ਗੱਲ ਦਾ ਸੁਝਾਓ ਦਿੰਦਾ ਹੈ—ਜਾਂ ਹੋਰ ਕੁਝ...।

ਚੰਦਰ ਇਸ ਦਾ ਮਤਲਬ ਸਮਝ ਕੇ ਨਾਂਹ ਕਰ ਦਿੰਦਾ ਹੈ। ਉਹ ਜ਼ੋਰ ਦਿੰਦਾ ਹੈ—ਚੱਲੋ ਫੇਰ ਅੱਜ ਤਾਂ ਹੋ ਹੀ ਜਾਏ। ਕੀ ਪਿਐ ਇਸ ਜ਼ਿੰਦਗੀ 'ਚ? ਕਹਿੰਦੇ ਹੋਏ ਉਹ ਝੂਠੀ ਹਾਸੀ ਹਸਦਾ ਹੈ ਤੇ ਹੌਲੀ ਦੇਕੇ ਹੱਥ ਦੱਬ ਕੇ ਪੁਛਦਾ ਹੈ—ਪਲੀਜ਼, ਇਫ ਯੂ ਡੋਂਟ ਮਾਈਂਡ, ਕੁਝ ਪੈਸੇ ਹਨ? ਉਸ ਦੇ ਕਹਿਣ ਵਿਚ ਕੋਈ ਹਿਚਕ ਨਹੀਂ ਹੈ ਤੇ ਨਾ ਉਸ ਨੂੰ ਸ਼ਰਮ ਹੀ ਆਉਂਦੀ ਹੈ। ਬੜੀ ਸਿਧੀ ਜਿਹੀ ਗੱਲ ਹੈ, ਪੈਸੇ ਘੱਟ ਹਨ।

—ਅੱਛਾ, ਪਾਰਟਨਰ, ਮੈਂ ਹੁਣੇ ਇੰਤਜ਼ਾਮ ਕਰਕੇ ਆਇਆ। ਉਹ ਵਿਸ਼ਵਾਸ ਨੂੰ ਡੂੰਘਾ ਕਰਦਾ ਹੋਇਆ ਕਹਿੰਦਾ ਹੈ।

—ਏਥੇ ਹੀ ਰੁਕੀਂ, ਚਲਿਆ ਨਾ ਜਾਈਂ। ਤੇ ਉਹ ਜਾਂਦਾ ਹੈ ਤੇ ਫਿਰ ਨਹੀਂ ਆਉਂਦਾ।

ਚੰਦਰ ਇਹ ਪਹਿਲਾਂ ਤੋਂ ਹੀ ਜਾਣਦਾ ਹੈ।

ਕੁਝ ਦੇਰ ਬਾਅਦ ਉਹ ਟੀ-ਹਾਊਸ ਵਿਚ ਘੁਸ ਜਾਂਦਾ ਹੈ ਤੇ ਮੇਜ਼ਾਂ ਕੋਲ ਚੱਕਰ ਕਟਦਾ ਹੋਇਆ ਕੋਨੇ ਵਾਲੇ ਕਾਊਂਟਰ ਤੋਂ ਸਿਗਰਟਾਂ ਦਾ ਪੈਕਟ ਲੈਕੇ ਇਕ ਮੇਜ਼ ਤੇ ਜੰਮ ਜਾਂਦਾ ਹੈ।

—ਹੈਲੋ! ਕੋਈ ਦਾ ਇਕ ਅਧ ਜਾਣਿਆ ਚਿਹਰਾ ਕਹਿੰਦਾ ਹੈ।

—ਬਹੁਤ ਦਿਨਾਂ ਬਾਅਦ ਏਧਰ ਆਉਂਦਾ ਹੈਂ। ਤੇ ਉਹ ਵੀ ਉਥੇ ਹੀ ਬੈਠ ਜਾਂਦਾ ਹੈ। ਦੋਵਾਂ ਕੋਲ ਗੱਲ ਕਰਨ ਲਈ ਕੁਝ ਵੀ ਨਹੀਂ ਹੈ।

ਟੀ-ਹਾਊਸ ਵਿਚ ਬੇਥਾਹ ਸ਼ੋਰ ਹੈ। ਖੋਖਲੇ ਹਾਸੀ ਦੇ ਠਹਾਕੇ ਹਨ ਤੇ ਦੀਵਾਰ ਤੇ ਇਕ ਇਕ ਘੜੀ ਹੈ ਜਿਹੜੀ ਹਮੇਸ਼ਾ ਸਮੇਂ ਤੋਂ ਅਗੇ ਚਲਦੀ ਹੈ, ਤਿੰਨ ਰਸਤੇ ਬਾਹਰ ਤੋਂ ਆਉਣ ਤੇ ਜਾਣ ਲਈ ਹਨ ਤੇ ਚੌਥਾ ਰਸਤਾ ਬਾਥਰੂਮ ਨੂੰ ਜਾਂਦਾ ਹੈ। ਬਾਥ-ਰੂਮ ਦੇ ਪਾਟਸ ਵਿਚ ਫਿਨਾਇਲ ਦੀਆਂ ਗੋਲੀਆਂ ਪਈਆਂ ਹਨ ਤੇ ਗੈਲਰੀ ਵਿਚ ਇਕ ਸ਼ੀਸ਼ਾ ਲੱਗਿਆ ਹੋਇਆ ਹੈ। ਹਰ ਉਹ ਆਦਮੀ ਜਿਹੜਾ ਬਾਥਰੂਮ ਜਾਂਦਾ ਹੈ, ਉਹ ਸ਼ੀਸ਼ੇ ਵਿਚ ਆਪਣਾ ਮੂੰਹ ਦੇਖਕੇ ਮੁੜਦਾ।

ਗੈਲਾਰਡ ਵਿਚ ਡਿਨਰ ਡਾਂਸ ਦੀ ਤਿਆਰੀ ਹੋ ਰਹੀ ਹੈ। ਕੁਰਸੀਆਂ ਦੀਆਂ ਤਿੰਨ ਕਤਾਰਾਂ ਬਾਹਰ ਕੱਢ ਕੇ ਰੱਖ ਦਿੱਤੀਆਂ ਗਈਆਂ ਹਨ। ਓਧਰ ਵਾਲਗਾ ਤੇ ਬਦੇਸ਼ੀਆਂ ਦੀ ਭੀੜ ਵਧ ਰਹੀ ਹੋਵੇਗੀ।

ਤੇ ਉਸੇ ਵੇਲੇ ਇਕ ਜੋੜਾ ਅੰਦਰ ਆਉਂਦਾ ਹੈ। ਔਰਤ ਸਜੀ-ਵਜੀ ਹੈ ਤੇ ਜੂੜੇ ਵਿਚ ਫੁਲ ਵੀ ਹਨ। ਆਦਮੀ ਦੇ ਚਿਹਰੇ ਤੇ ਅਜੀਬ ਜਿਹਾ ਗਰੂਰ ਹੈ ਤੇ ਉਹ ਦੋਵੇਂ ਫੈਮਿਲੀ ਵਾਲੀ ਸੀਟ ਤੇ ਆਹਮਣੇ-ਸਾਹਮਣੇ ਬੈਠ ਜਾਂਦੇ ਹਨ। ਬੈਠਣ ਤੋਂ ਪਹਿਲਾਂ ਉਨ੍ਹਾਂ ਵਿਚ ਕੋਈ ਸਬੰਧ ਨਜ਼ਰ ਨਹੀਂ ਆ ਰਿਹਾ ਸੀ। ਸਿਰਫ ਐਨਾ ਹੀ ਕਿ ਜਦੋਂ ਔਰਤ ਬੈਠਣ ਲਈ ਮੁੜੀ ਸੀ ਤਾਂ ਨਾਲ ਵਾਲੇ ਆਦਮੀ ਨੇ ਉਸਦੀ ਕਮਰ ਤੇ ਹੱਥ ਰਖ ਕੇ ਸਹਾਰਾ ਜਿਹਾ ਦਿਤਾ ਸੀ, ਐਨਾ ਕੁ ਸਾਥ ਹੀ ਸੀ ਦੋਵਾਂ ਵਿਚ।

ਉਨ੍ਹਾਂ ਕੋਲ ਵੀ ਗੱਲ ਕਰਨ ਲਈ ਸ਼ਾਇਦ ਕੁਝ ਨਹੀਂ ਹੈ।

ਔਰਤ ਆਪਣਾ ਜੂੜਾ ਠੀਕ ਕਰਦੀ ਹੋਈ ਹੋਰਾਂ ਵਲ ਦੇਖ ਰਹੀ ਹੈ ਤੇ ਨਾਲ ਵਾਲਾ ਆਦਮੀ ਪਾਣੀ ਦੇ ਗਿਲਾਸ ਨੂੰ ਵੇਖ ਰਿਹਾ ਹੈ। ਕਿਸੇ ਦੇ ਦੇਖਣ ਵਿਚ ਕੋਈ ਮਤਲਬ ਨਹੀਂ ਹੈ। ਅੱਖਾਂ ਹਨ, ਇਸ ਲਈ, ਦੇਖਣਾ ਪੈਂਦਾ ਹੈ। ਜੇ ਨਾ ਹੁੰਦੀਆਂ ਤਾਂ ਸਵਾਲ ਹੀ ਨਹੀਂ ਸੀ। ਇਕ ਜਗ੍ਹਾ ਦੇਖਦੇ ਦੇਖਦੇ ਅੱਖਾਂ ਵਿਚ ਪਾਣੀ ਆ ਜਾਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਏਧਰ ਓਧਰ ਦੇਖਿਆ ਜਾਵੇ।

ਬੈਰਾ ਉਨ੍ਹਾਂ ਦੀ ਮੇਜ਼ ਤੇ ਸਾਮਾਨ ਰੱਖ ਜਾਂਦਾ ਹੈ ਤੇ ਦੋਵੇਂ ਖਾਣ ਵਿਚ ਰੁਝ ਜਾਂਦੇ ਹਨ। ਕੋਈ ਗੱਲ ਨਹੀਂ ਕਰਦਾ। ਆਦਮੀ ਖਾਣਾ ਖਾਕੇ ਦੰਦ ਖੁੱਰਚਣ ਲਗਦਾ ਹੈ ਤੇ ਔਰਤ ਰੁਮਾਲ ਕੱਢ ਕੇ ਨਖਰੇ ਨਾਲ ਲਿਪਸਟਿਕ ਠੀਕ ਕਰਦੀ ਹੈ।

ਅੰਤ ਵਿਚ ਬੈਰਾ ਆ ਕੇ ਪੈਸੇ ਮੋੜਦਾ ਹੈ ਤਾਂ ਆਦਮੀ ਕੁਝ ਟਿੱਪ ਛੱਡਦਾ ਹੈ ਜਿਸ ਨੂੰ ਔਰਤ ਗੌਰ ਨਾਲ ਦੇਖਦੀ ਹੈ ਤੇ ਦੋਵੇਂ ਲਾਪਰਵਾਹੀ ਨਾਲ ਉਠ ਖੜ੍ਹੇ ਹੁੰਦੇ ਹਨ। ਫਿਰ ਉਸ ਨੂੰ ਉਨ੍ਹਾਂ ਦੋਵਾਂ ਵਿਚ ਹਲਕਾ ਜਿਹਾ ਸਬੰਧ ਨਜ਼ਰ ਆਉਂਦਾ ਹੈ, ਉਹ ਆਦਮੀ ਥੋੜ੍ਹਾ ਜਿਹਾ ਰੁਕ ਕੇ ਨਾਲ ਵਾਲੀ ਔਰਤ ਨੂੰ ਅਗੇ ਨਿਕਲ ਜਾਣ ਦਾ ਇਸ਼ਾਰਾ ਕਰਦਾ ਹੈ ਤੇ ਉਸਦੇ ਪਿਛੇ ਪਿਛੇ ਚਲਿਆ ਜਾਂਦਾ ਹੈ।

ਚੰਦਰ ਦਾ ਮਨ ਹੋਰ ਭਾਰੀ ਹੋ ਜਾਂਦਾ ਹੈ, ਇਕੱਲੇਪਣ ਦਾ ਨਾਗਵਾਲ ਹੋਰ ਵੀ ਕਸਿਆ ਜਾਂਦਾ ਹੈ। ਆਪਣੇ ਕੋਲ ਬੈਠੇ ਹੋਏ ਅਣਜਾਣੇ ਦੋਸਤ ਵਲ ਉਹ ਡੂੰਘੀ ਨਿਗਾਹ ਨਾਲ ਦੇਖਦਾ ਹੈ ਤੇ ਸੋਚਦਾ ਹੈ, ਅਜਨਬੀ ਹੀ ਸਹੀ ਪਰ ਏਸ ਨੇ ਪਹਿਚਾਣਿਆ ਤਾਂ ਹੈ। ਐਨੀ ਪਹਿਚਾਣ ਵੀ ਬੜਾ ਸਹਾਰਾ ਦਿੰਦੀ ਹੈ... ਚੰਦਰ ਨੂੰ ਆਪਣੇ ਵਲ ਦੇਖਦੇ ਹੋਏ ਦੇਖਕੇ ਉਹ ਨਾਲ ਵਾਲਾ ਦੋਸਤ ਕੁਝ ਕਹਿਣ ਲਗਦਾ ਹੈ, ਪਰ ਜਿਵੇਂ ਉਸਨੂੰ ਕੁਝ ਯਾਦ ਨਹੀਂ ਆਉਂਦਾ, ਫਿਰ ਆਪਣੇ ਆਪ ਨੂੰ ਸੰਭਾਲ ਕੇ ਉਸ ਨੇ ਪੁੱਛਿਆ—ਆਪ... ...ਆਪ ਤਾਂ ਸ਼ਾਇਦ ਕਾਮਰਸ ਮਨਿਸਟਰੀ ਵਿਚ ਹੋ। ਮੈਨੂੰ ਯਾਦ ਆਉਂਦਾ ਹੈ ਕਿ... ...ਕਹਿੰਦੇ ਹੋਇਆ ਉਹ ਰੁਕ ਜਾਂਦਾ ਹੈ।

ਚੰਦਰ ਦਾ ਪੂਰਾ ਸਰੀਰ ਕੰਬ ਉਠਦਾ ਹੈ ਤੇ ਇਕ ਘੁਟ ਵਿਚ ਬਚੀ ਹੋਈ ਕਾਫੀ ਪੀ ਕੇ ਉਹ ਬੜੇ ਧੀਮੇ ਜਿਹੇ ਸਵਰ ਵਿਚ ਜਵਾਬ ਦਿੰਦਾ ਹੈ... ਨਹੀਂ ਮੈਂ ਕਾਮਰਸ ਮਨਿਸਟਰੀ ਵਿਚ ਕਦੇ ਨਹੀਂ ਸੀ।

ਉਹ ਆਦਮੀ ਅੱਗੇ ਅਟਕਲਾਂ ਜੋੜਨ ਦੀ ਕੋਸ਼ਿਸ਼ ਨਹੀਂ ਕਰਦਾ, ਸਿੱਧੇ-ਸਾਦੇ ਉਸ ਅਣਜਣ ਸਬੰਧ ਨੂੰ ਮਜ਼ਬੂਤ ਕਰਨ ਲਈ ਉਹ ਕਹਿੰਦਾ ਹੈ—ਆਲਰਾਈਟ ਪਾਰਟਨਰ ਫਿਰ ਕਦੇ ਮੁਲਾਕਾਤ ਹੋਵੇਗੀ। ਸਿਗਰਟ ਸੁਲਗਾਉਂਦਾ ਹੋਇਆ ਤੁਰ ਜਾਂਦਾ ਹੈ।

ਚੰਦਰ ਬਾਹਰ ਨਿਕਲਕੇ ਬਸ-ਸਟਾਪ ਵਲ ਚਲੇ ਜਾਂਦਾ ਹੈ। ਮਦਰਾਸ ਹੋਟਲ ਦੇ ਮਗਰ ਬੱਸ-ਸਟਾਪ 'ਤੇ ਚਾਰ ਪੰਜ ਆਦਮੀ ਖੜ੍ਹੇ ਹਨ ਤੇ ਪੁਲਸ ਵਾਲਾ ਸਟਾਫ ਵੀ ਛੱਤਰੀ ਥੱਲੇ ਬੈਠਾ ਸਿਗ-ਰਟ ਪੀ ਰਿਹਾ ਹੈ।

ਚੰਦਰ ਉਥੇ ਹੀ ਆ ਕੇ ਖੜ੍ਹਾ ਹੋ ਜਾਂਦਾ ਹੈ। ਸਭ ਜਾਣਨਾ ਚਾਹੁੰਦੇ ਹਨ ਕਿ ਬੱਸ ਕਦੋਂ ਤੱਕ ਆਏਗੀ, ਪਰ ਕੋਈ ਕਿਸੇ ਤੋਂ ਕੁਝ ਵੀ ਨਹੀਂ ਪੁੱਛਦਾ। ਦਰਖਤ ਦੇ ਹਨੇਰੇ ਵਿਚ ਉਹ ਚੁੱਪ ਚਾਪ ਖੜ੍ਹਾ ਹੈ। ਥੱਲੇ ਪੀਲੇ ਪੱਤੇ ਪਏ ਹਨ ਜਿਹੜੇ ਉਸਦੇ ਪੈਰਾਂ ਨਾਲ ਦੱਬੇ ਜਾਣ ਕਰਕੇ ਚੁਰਮਰਾਉਣ ਲਗਦੇ ਹਨ ਤੇ ਪੀਲੇ ਪੱਤਿਆਂ ਦੀ ਅਵਾਜ਼ ਉਸ ਨੂੰ ਵਰ੍ਹਿਆਂ ਪਿੱਛੇ ਖਿੱਚ ਲੈ ਜਾਂਦੀ ਹੈ, ਇਸ ਅਵਾਜ਼ ਵਿਚ ਇਕ ਬਹੁਤ ਗਹਿਰਾ ਆਪਣਾਪਨ ਹੈ, ਉਸਨੂੰ ਬੜੀ ਰਾਹਤ ਜਿਹੀ ਮਿਲਦੀ ਹੈ।

... ...ਏਸੇ ਤਰ੍ਹਾਂ ਪੀਲੇ ਪੱਤੇ ਪਏ ਹੋਏ ਸਨ। ਉਸ ਰਾਹ ਤੇ ਬਹੁਤ ਸਾਲ ਪਹਿਲਾਂ ਇੰਦਰਾ ਦੇ ਨਾਲ ਇਕ ਦਿਨ ਉਹ ਜਾ



MAJER SINGH
DHALIWAL

CAR SALESMAN

594-2838

PHONE ANY TIME FOR
NEW & USED CARS and HALF TON TRUCKS

ਨਵੀਂ ਜਾਂ ਪੁਰਾਣੀ ਕਾਰ, ਵੈਗਨ ਜਾਂ ਪਿਕ-ਅੱਪ
ਅਤੇ ਟਰੱਕ ਆਦਿਕ ਤਸੱਲੀਬਖ਼ਸ਼ ਸਸਤੀਆਂ
ਕੀਮਤਾਂ ਤੇ ਖਰੀਦਣ ਲਈ ਤਜਰਬੇਕਾਰ ਸੇਲਜ਼ਮੈਨ

ਮੇਜਰ ਸਿੰਘ ਧਾਲੀਵਾਲ

ਨੂੰ ਮਿਲੋ ਜਾਂ ਫ਼ੋਨ ਕਰੋ : 594-283 (24 HRS)



GARY PONTIAC—BUICK & GMC LTD.


ਰਿਹਾ ਸੀ, ਕੁਝ ਵੀ ਨਹੀਂ ਸੀ ਉਸ ਸਾਹਮਣੇ—ਉਹ ਖੰਡਰਾਂ ਵਿਚ ਆਪਣੀ ਜ਼ਿੰਦਗੀ ਖਰਾਬ ਕਰ ਰਿਹਾ ਸੀ ਤੇ ਤਦ ਇੰਦਰਾ ਨੇ ਹੀ ਉਸ ਨੂੰ ਕਿਹਾ, 'ਚੰਦਰ, ਤੂੰ ਕੀ ਨਹੀਂ ਕਰ ਸਕਦਾ !' ਓਹੀ ਪਹਿਚਾਣੀ ਹੋਈ ਆਵਾਜ਼ ਉਸ ਦੇ ਕੰਨਾਂ ਨਾਲ ਟਕਰਾਉਂਦੀ ਹੈ, 'ਤੂੰ ਕੀ ਨਹੀਂ ਕਰ ਸਕਦਾ ! ਤੇ ਇਹ ਕਹਿੰਦੇ ਕਹਿੰਦੇ ਇੰਦਰਾ ਦੀਆਂ ਅੱਖਾਂ ਵਿਚ ਅਟੁੱਟ ਵਿਸ਼ਵਾਸ ਝਲਕ ਆਇਆ ਸੀ ਤੇ ਇੰਦਰਾ ਦੀਆਂ ਉਨ੍ਹਾਂ ਪਿਆਰ ਭਰੀਆਂ ਅੱਖਾਂ ਵਿਚ ਝਾਕਦੇ ਹੋਏ ਉਸ ਨੇ ਕਿਹਾ ਸੀ, ਮੇਰੇ ਕੋਲ ਹੈ ਹੀ ਕੀ ? ਸਮਝ ਵਿਚ ਨਹੀਂ ਆਉਂਦਾ ਕਿ ਜ਼ਿੰਦਗੀ ਕਿਥੇ ਲੈ ਜਾਵੇਗੀ ? ਇਸ ਲਈ ਮੈਂ ਇਹ ਨਹੀਂ ਚਾਹੁੰਦਾ ਕਿ ਤੂੰ ਆਪਣੀ ਜ਼ਿੰਦਗੀ ਮੇਰੀ ਖਾਤਰ ਵਿਗਾੜ ਲਵੇਂ । ਪਤਾ ਨਹੀਂ ਮੈਂ ਕਿਸ ਕਿਨਾਰੇ ਲੱਗਾਂ, ਭੁੱਖਾ ਮਰਾਂ ਜਾਂ ਪਾਗਲ ਹੋ ਜਾਵਾਂ... ...।

ਇੰਦਰਾਂ ਦੀਆ ਅੱਖਾਂ ਵਿਚ ਪਿਆਰ ਦੇ ਬੱਦਲ ਹੋਰ ਗਹਿਰੇ ਹੋ ਗਏ ਸਨ ਤੇ ਉਸਨੇ ਆਖਿਆ ਸੀ, 'ਅਜਿਹੀਆਂ ਗੱਲਾਂ ਕਿਉਂ ਕਰਦਾ ਹੈਂ, ਚੰਦਰ, ਮੈਂ ਤੇਰੇ ਨਾਲ ਹਰ ਹਾਲਤ ਵਿਚ ਸੁਖੀ ਰਹਾਂਗੀ ।'

ਚੰਦਰ ਨੇ ਉਸ ਨੂੰ ਬਹੁਤ ਗੌਰ ਨਾਲ ਦੇਖਿਆ ਸੀ । ਇੰਦਰਾ ਦੀਆਂ ਅੱਖਾਂ ਵਿਚ ਨਮੀ ਆ ਗਈ ਸੀ । ਉਸਦੀਆਂ ਕੰਢੇਦਾਰ ਝਿੰਮਣਾ ਵਿਚੋਂ ਵਿਸ਼ਵਾਸ-ਭਰੀ ਮਾਸੂਮੀਅਤ ਛਲਕ ਰਹੀ ਸੀ । ਮੱਥੇ 'ਤੇ ਆਈ ਲਿਟ ਛੋਹਣ ਨੂੰ ਉਸ ਦਾ ਦਿਲ ਕੀਤਾ ਪਰ ਉਹ ਝਿਜਕ ਕੇ ਰਹਿ ਗਿਆ ਸੀ । ਇੰਦਰਾ ਦੇ ਕੰਨਾਂ ਵਿਚ ਪਏ ਹੋਏ ਕੁੰਡਲ ਪਾਣੀ ਵਿਚ ਤੈਰਦੀਆਂ ਹੋਈਆਂ ਮੱਛੀਆਂ ਵਾਂਗ ਝਲਕ ਜਾਂਦੇ ਸਨ ਤੇ ਤਦ ਉਸਨੇ ਕਿਹਾ ਸੀ—ਆਓ, ਉਧਰ ਦਰਖਤ ਥੱਲੇ ਬੈਠਾਂਗੇ । ਉਹ ਦੋਵੇਂ ਨਾਲ ਨਾਲ ਚੱਲ ਪਏ ਸਨ । ਸਿਰਸ ਦੇ ਦਰਖਤ ਥੱਲ ਇਕ ਸੀਮੇਂਟ ਦੀ ਬੈਂਚ ਬਣੀ ਹੋਈ ਸੀ । ਰਸਤੇ ਵਿਚ ਪੀਲੀਆਂ ਪੱਤੀਆਂ ਵਿਖਰੀਆਂ ਹੋਈਆਂ ਸਨ । ਉਨ੍ਹਾਂ ਦੇ ਕੁਰਲਣ ਨਾਲ ਹੀ ਅਜਿਹੀ ਅਵਾਜ਼ ਆਈ ਸੀ ਜਿਹੜੀ ਹੁਣੇ ਹੁਣੇ ਉਸ ਨੇ ਸੁਣੀ ਸੀ...ਓਹੀ ਪਹਿਚਾਣ ਭਰੀ ਆਵਾਜ਼ !

ਦੋਵੇਂ ਬੈਂਚ ਤੇ ਬੈਠ ਗਏ ਸਨ ਤੇ ਚੰਦਰ ਹੌਲੀ ਦੇ ਕੇ ਉਸ ਦੀ ਬਾਂਹ ਤੇ ਲਕੀਰਾਂ ਖਿੱਚਣ ਲਗਿਆ ਸੀ । ਦੋਵੇਂ ਖਾਮੋਸ਼ ਬੈਠੇ ਸਨ । ਬਹੁਤ ਸਾਰੀਆਂ ਗਲਾਂ ਸਨ ਜਿਹੜੀਆ ਉਹ ਕਹਿ ਨਹੀਂ ਸਕਦੇ ਸਨ । ਕੁਝ ਪਲਾਂ ਬਾਅਦ ਇੰਦਰਾ ਨੇ ਅੱਖਾਂ ਚੁਰਾਉਂਦੇ ਹੋਏ ਉਸਨੂੰ ਦੇਖਿਆ ਸੀ ਤੇ ਸ਼ਰਮਾ ਗਈ ਸੀ, ਫਿਰ ਉਸੇ ਗੱਲ ਤੇ ਆ ਗਈ ਸੀ ਜਿਵੇਂ ਉਸ ਇਕ ਗੱਲ ਵਿਚ ਸਾਰੀਆਂ ਗੱਲਾਂ ਲੁਕੀਆਂ ਹੋਈਆਂ ਹੋਣ, ਤੂੰ ਅਜਿਹਾ ਕਿਉਂ ਨਹੀਂ ਸੋਚਦਾ, ਚੰਦਰ ? ਮੇਰੇ 'ਤੇ ਯਕੀਨ ਨਹੀਂ ?

ਤਦ ਚੰਦਰ ਨੇ ਕਿਹਾ ਸੀ—ਯਕੀਨ ਤਾਂ ਹੈ ਇੰਦਰਾ, ਪਰ ਮੈਂ ਖਾਨਾ-ਬਦੋਸ਼ਾਂ ਵਾਂਗ ਜ਼ਿੰਦਗੀ ਭਰ ਭਟਕਦਾ ਰਹਾਂਗਾ... ਉਨ੍ਹਾਂ ਪਰੇਸ਼ਾਨੀਆਂ ਵਿਚ ਤੈਨੂੰ ਖਿਚਣ ਦੀ ਗੱਲ ਸੋਚਦਾ ਹਾਂ ਤਾਂ ਬਰਦਾਸ਼ਤ ਨਹੀਂ ਕਰ ਸਕਦਾ । ਤੂੰ ਬੜੀ ਚੰਗੀ ਤੇ ਸਹੂਲਤਾਂ ਭਰੀ ਜ਼ਿੰਦਗੀ ਜੀਅ ਸਕਦੀ ਹੈਂ । ਮੈਂ ਤਾਂ ਸਿਰ ਤੇ ਕੱਫਣ ਬੰਨ੍ਹਿਆ ਹੈ...ਮੇਰਾ ਕੀ ਟਿਕਾਣਾ ।

– ਤੂੰ ਚਾਹੇ ਜੋ ਕੁਝ ਬਣ ਚੰਦਰ, ਚੰਗਾ ਜਾਂ ਬੁਰਾ ਮੇਰੇ ਵਾਸਤੇ ਇਕੋ ਜਿਹਾ ਰਹੇਂਗਾ । ਕਿੰਨੀ ਉਡੀਕ ਕਰਦੀ ਹਾਂ ਤੇਰੀ, ਪਰ ਤੈਨੂੰ ਕਦੀ ਵਕਤ ਹੀ ਨਹੀਂ ਮਿਲਦਾ । ਫੇਰ ਕੁਝ ਦੇਰ ਚੁਪ ਰਹਿ ਕੇ ਉਸ ਨੇ ਪੁਛਿਆ ਸੀ—ਕੁਝ ਲਿਖਿਆ ?

—ਹਾਂ । ਹੌਲੀ ਦੇ ਕੇ ਚੰਦਰ ਨੇ ਕਿਹਾ ਸੀ ।

ਦਿਖਾ ! ਇੰਦਰਾ ਨੇ ਮੰਗਿਆ ਸੀ ।

ਤੇ ਤਦ ਚੰਦਰ ਨੇ ਦਿਆਲੂ ਹੱਥਾਂ ਨਾਲ ਡਾਇਰੀ ਫੜਾ ਦਿਤੀ ਸੀ । ਇੰਦਰਾ ਨੇ ਤੁਰਤ ਉਸ ਡਾਇਰੀ ਨੂੰ ਆਪਣੀਆਂ ਕਿਤਾਬਾਂ ਵਿਚ ਰੱਖ ਲਿਆ ਸੀ ਤੇ ਕੰਹੀ ਸੀ—ਹੁਣ ਇਹ ਕੱਲ ਨੂੰ ਮਿਲੇਗੀ ਇਸ ਬਹਾਨੇ ਤਾਂ ਆਏਂਗਾ... ।

—ਨਹੀਂ, ਨਹੀਂ, ਮੈਂ ਡਾਇਰੀ ਨੂੰ ਆਪਣੇ ਨਾਲ ਲੈ ਜਾਵਾਂਗਾ, ਮੈਨੂੰ ਦੇ ਦਿਓ ਇਹ । ਚੰਦਰ ਨੇ ਕਿਹਾ ਸੀ ਤੇ ਇੰਦਰਾ ਸ਼ੈਤਾਨੀ ਨਾਲ ਮੁਸਕਰਾਉਂਦੀ ਰਹੀ ਸੀ ਤੇ ਉਸਦੀਆਂ ਅੱਖਾਂ ਵਿਚ ਪਿਆਰ ਦੀਆਂ ਗਹਿਰਾਈਆਂ ਹੋਰ ਵਧ ਗਈਆਂ ਸਨ ।

ਹਾਰ ਕੇ ਚੰਦਰ ਵਾਪਸ ਚਲਿਆ ਆਇਆ ਸੀ ਤੇ ਦੂਜੇ ਦਿਨ ਆਪਣੀ ਡਾਇਰੀ ਲੈਣ ਪਹੁੰਚਿਆ ਸੀ ਤਾਂ ਇੰਦਰਾ ਨੇ ਕਿਹਾ ਸੀ—ਇਸ ਵਿਚ ਕੁਝ ਮੈਂ ਵੀ ਲਿਖਿਆ ਹੈ, ਪੜ੍ਹਕੇ ਜ਼ਰੂਰ ਹੀ ਫਾੜ ਦੇਣਾ ।

—ਮੈਂ ਨਹੀਂ ਫਾੜਾਂਗਾ ।

—ਤਾਂ ਕੁੱਟੀ ਹੋ ਜਾਵੇਗੀ । ਇੰਦਰਾ ਨੇ ਬੱਚਿਆਂ ਵਾਂਗ ਬੜੀ ਮਾਸੂਮੀਅਤ ਨਾਲ ਕਿਹਾ ਸੀ ਤੇ ਉਸ ਵੇਲੇ ਉਸਦੇ ਮੂੰਹ ਚੋਂ ਬੇਹਦ ਬਚਪਣੇ ਦੀ ਗੱਲ ਵੀ ਬੜੀ ਅਜੀਬ ਲਗੀ ਸੀ ।

ਤੇ ਇਕ ਦਿਨ... ...

ਇਕ ਦਿਨ ਇੰਦਰਾ ਘਰ ਆਈ ਸੀ । ਏਧਰੋਂ ਉਧਰੋਂ ਘੁੰਮ-ਘੁਮਾ ਕੇ ਉਹ ਚੰਦਰ ਦੇ ਕਮਰੇ ਵਿਚ ਗਈ ਸੀ ਤੇ ਤਦ ਚੰਦਰ ਨੇ ਪਹਿਲੀ ਵਾਰ ਉਸ ਨੂੰ ਬਿਲਕੁਲ ਆਪਣੇ ਕੋਲ ਮਹਿਸੂਸ ਕੀਤਾ ਸੀ ਤੇ ਸਦੇ ਉਮਥੇ ਉੱਤੇ ਰੰਗ ਨਾਲ ਬਿੰਦੀ ਬਣਾ ਦਿਤੀ ਸੀ ਤੇ ਕਈ ਪਲਾਂ ਤਕ ਮੁਗਧ ਬਣਿਆ ਦੇਖਦਾ ਰਿਹਾ ਸੀ । ਤੇ ਅਨਜਾਣੇ ਹੀ ਉਸਨੇ ਆਪਣੇ ਬੁੱਲ੍ਹ ਇੰਦਰਾ ਦੇ ਮੱਥੇ ਉਤੇ ਰਖ ਦਿਤੇ ਸਨ । ਇੰਦਰਾ ਦੀਆਂ ਪਲਕਾਂ ਝੁਕ ਗਈਆਂ ਸਨ ਤੇ ਰੋਮ-ਰੋਮ ਚੋਂ ਖੁਸ਼ਬੂ ਫੁੱਟ ਰਹੀ ਸੀ । ਉਸਦੀਆਂ ਉਂਗਲਾਂ ਚੰਦਰ ਦੀਆਂ ਬਾਹਾਂ ਤੇ ਥਰ-ਥਰਾਉਣ ਲੱਗੀਆਂ ਸਨ ਤੇ ਮਥੇ ਤੇ ਆਇਆ ਪਸੀਨਾ ਉਸ ਦੇ ਬੁੱਲ੍ਹਾਂ ਨੇ ਸੋਕ ਲਿਆ ਸੀ। ਰੇਸ਼ਮੀ ਲੂੰਈਂ ਪਸੀਨੇ ਨਾਲ ਚਿਪਕ ਗਈ ਸੀ ਤੇ ਉਸ ਸੁਆਦ ਦੇ ਸਮੇਂ ਵਿਚ ਦੋਵਾਂ ਨੇ ਹੀ ਉਡੀਕ ਕੀਤੀ ਸੀ...ਉਹ ਉਡੀਕ ਜਿਸ ਵਿਚ ਸ਼ਬਦ ਨਹੀਂ ਸਨ, ਜਿਹੜੀ ਬੁਲ੍ਹਾਂ ਤੱਕ ਵੀ ਨਹੀਂ ਆਈ ਸੀ।

ਤਦ ਤੋਂ ਉਸ ਨੂੰ ਇਹ ਸ਼ਬਦ ਹਮੇਸ਼ਾ ਯਾਦ ਰਹਿੰਦੇ ਹਨ ਤੂੰ ਕੀ ਨਹੀਂ ਕਰ ਸਕਦਾ ।

ਤੇ ਤਦ ਹੀ ਇਕ ਦੂਜੇ ਨੰਬਰ ਦੀ ਬਸ ਆਉਂਦੀ ਹੈ ਤੇ ਆ ਕੇ ਰੁਕ ਜਾਂਦੀ ਹੈ । ਚੰਦਰ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਬੱਸ-ਸਟਾਪ 'ਤੇ ਖੜ੍ਹਾ ਹੈ,ਉਹ ਗਹਿਰੀ ਪਹਿਚਾਣ... ਕਿਤੇ ਕੋਈ ਤਾਂ ਹੈ...ਤੇ ਉਹ ਬਹੁਤ ਦੂਰ ਵੀ ਤਾਂ ਨਹੀਂ ।

ਇੰਦਰਾ ਵੀ ਤਾਂ ਏਥੇ ਹੀ ਹੈ ਦਿੱਲੀ ਵਿਚ...

ਦੋ ਮਹੀਨੇ ਪਹਿਲਾਂ ਹੀ ਤਾਂ ਉਹ ਮਿਲਿਆ ਸੀ । ਉਸ ਵੇਲੇ ਵੀ ਇੰਦਰਾ ਦੀਆਂ ਅੱਖਾਂ ਵਿਚ ਚਾਰ ਸਾਲ ਪਹਿਲਾਂ ਵਾਲੀ ਪਹਿਚਾਣ ਸੀ ਤੇ ਉਸ ਨੇ ਪਤੀ ਨੂੰ ਕਿਸੇ ਗੱਲ ਤੇ ਕਿਹਾ ਸੀ—ਚੰਦਰ ਦੀਆਂ ਆਦਤਾਂ ਮੈਂ ਖੂਬ ਜਾਣਦੀ ਹਾਂ ।

ਤੇ ਇੰਦਰਾ ਦੇ ਪਤੀ ਨੇ ਖੁਲ੍ਹੇ ਦਿਲ ਨਾਲ ਕਿਹਾ ਸੀ—ਤਾਂ ਫੇਰ ਬਈ, ਇਨ੍ਹਾਂ ਦੀ ਖਾਤਰ-ਵਾਤਰ ਕਰੋ ।

ਤੇ ਇੰਦਰਾ ਨੇ ਮੁਸਕਰਾਉਂਦਿਆਂ ਚਾਰ ਸਾਲ ਪਹਿਲਾਂ ਦੀ ਤਰ੍ਹਾਂ ਚਿੜਾਉਣ ਦੇ ਅੰਦਾਜ਼ ਵਿਚ ਬਿਆਨ ਦਿਤਾ ਸੀ—ਚੰਦਰ ਨੂੰ ਦੁੱਧ ਨਾਲ ਚਿੜ੍ਹ ਹੈ ਤੇ ਕਾਫੀ ਇਨ੍ਹਾਂ ਨੂੰ ਧੂੰਆਂ ਪੀਣ ਦੀ ਤਰ੍ਹਾਂ ਲਗਦੀ ਹੈ, ਚਾਹ ਵਿਚ ਜੇ ਦੂਜਾ ਚਮਚਾ ਚੀਨੀ ਪਾ ਦਿਤੀ ਗਈ ਤਾਂ ਇਨ੍ਹਾਂ ਦਾ ਗਲਾ ਖਰਾਬ ਹੋ ਜਾਏਗਾ । ਕਹਿ ਕੇ ਉਹ ਖਿੜਖਿੜਾ ਕੇ ਹਸ ਪਈ ਸੀ ਤੇ ਇਸ ਗਲ ਨਾਲ ਉਸ ਨੇ ਪਿਛਲੀਆਂ ਗੱਲਾਂ ਦੀ ਯਾਦ ਤਾਜ਼ੀ ਕਰ ਦਿੱਤੀ ਸੀ... ...ਸਚਮੁੱਚ ਚੰਦਰ ਦੋ ਚਮਚੇ ਚੀਨੀ ਨਹੀਂ ਪੀ ਸਕਦਾ ।

ਬੱਸ ਆਉਣ ਦਾ ਨਾਂ ਨਹੀਂ ਲੈ ਰਹੀ ਸੀ ।

ਖੜੇ ਖੜੇ ਚੰਦਰ ਨੂੰ ਲੱਗਿਆ ਕਿ ਇਸ ਅਣਜਾਣੀ ਤੇ ਬਿਨਾਂ ਜਾਣ ਪਹਿਚਾਣ ਨਾਲ ਭਰੀ ਨਗਰੀ ਵਿਚ ਇਕ ਇੰਦਰਾ ਹੈ ਜਿਹੜੀ ਉਸਨੂੰ ਐਨੇ ਸਾਲਾਂ ਦੇ ਬਾਅਦ ਵੀ ਪਹਿਚਾਣਦੀ ਹੈ, ਹੁਣ ਤਕ ਜਾਣਦੀ ਹੈ । ਉਸ ਦਾ ਮਨ ਆਪਣੇ ਆਪ ਇੰਦਰਾ ਨੂੰ ਮਿਲਣ ਲਈ ਛਟਪਟਾਉਣ ਲਗਿਆ, ਤਾਂ ਕਿ ਇਹ ਅਜਨਬੀ ਪਨ ਕਿਸੇ ਤਰ੍ਹਾਂ ਟੁੱਟ ਸਕੇ...

ਤਦ ਹੀ ਇਕ ਫਟ-ਫਟ ਵਾਲਾ ਅਵਾਜ਼ਾਂ ਮਾਰਦਾ ਹੋਇਆ ਆ ਜਾਂਦਾ ਹੈ । ਗੁਰਦਵਾਰਾ...ਰੋਡ...ਕਰੋਲਬਾਗ਼ ਰੋਡ । ਚੰਦਰ ਇਕ ਕਦਮ ਅੱਗੇ ਹੁੰਦਾ ਹੈ ਤੇ ਉਹ ਸਰਦਾਰ ਉਸ ਨੂੰ ਦੇਖਦਿਆਂ ਹੀ ਇਕ ਦਮ ਪਹਿਚਾਣ ਜਾਂਦਾ ਹੈ—ਆਈਏ ਬਾਬੂ ਜੀ, ਕਰੋਲਬਾਗ ਗੁਰਦੁਆਰਾ ਰੋਡ । ਉਸ ਦੀਆਂ ਅੱਖਾਂ ਵਿਚ ਪਹਿਚਾਣ ਦੀ ਝਲਕ ਦੇਖ ਕੇ ਚੰਦਰ ਦਾ ਮਨ ਹਲਕਾ ਹੋ ਜਾਂਦਾ ਹੈ । ਆਖਰ ਇਕ ਨੇ ਤਾਂ ਪਹਿਚਾਣਿਆਂ । ਚੰਦਰ ਸਰਦਾਰ ਨੂੰ ਪਹਿਚਾਣਦਾ ਹੈ, ਬਹੁਤ ਵਾਰੀ ਉਹ ਏਸੇ ਸਰਦਾਰ ਦੇ ਫਟ-ਫਟ ਵਿਚ ਬੈਠ ਕੇ ਕਨਾਟ ਪਲੇਸ ਆਇਆ ਹੈ ।

ਅੱਖਾਂ ਵਿਚ ਪਹਿਚਾਣ ਦੇਖਦਿਆਂ ਹੀ ਚੰਦਰ ਮੁੜਕੇ ਫਟ-ਫਟ ਤੇ ਬਹਿ ਜਾਂਦਾ ਹੈ । ਤਿੰਨ ਸਵਾਰੀਆਂ ਹੋਰ ਆ ਜਾਂਦੀਆਂ ਹਨ । ਤੇ ਦਸ ਮਿੰਟ ਬਾਅਦ ਹੀ ਗੁਰਦਵਾਰਾ ਰੋਡ ਦੇ ਚੌਰਾਹੇ

ਤੇ ਫਟ-ਫਟ ਕੂਕਦਾ ਹੈ। ਚੰਦਰ ਇਕ ਚਵਾਨੀ ਕੱਢਕੇ ਸਰਦਾਰ ਦੀ ਹਥੇਲੀ ਤੇ ਰਖ ਦਿੰਦਾ ਹੈ ਤੇ ਪਹਿਚਾਣ ਭਰੀਆਂ ਨਜ਼ਰਾਂ ਨਾਲ ਉਸਨੂੰ ਦੇਖਦਾ ਹੋਇਆ ਚੱਲਣ ਲਗਦਾ ਹੈ।

ਤਦ ਹੀ ਪਿੱਛੇ ਤੋਂ ਅਵਾਜ਼ ਆਉਂਦੀ ਹੈ—ਏ ਬਾਬੂ ਜੀ, ਕਿੰਨੇ ਪੈਸੇ ਦਿੱਤੇ ਨੇ ? ਚੰਦਰ ਮੁੜ ਕੇ ਦੇਖਦਾ ਹੈ ਤਾਂ ਸਰਦਾਰ ਉਸ ਵਲ ਆਉਂਦਾ ਹੋਇਆ ਕਹਿੰਦਾ ਹੈ—ਦੋ ਆਨੇ ਹੋਰ ਦਿਉ ਸਾਬ੍ਹ।

—ਹਮੇਸ਼ਾਂ ਚਾਰ ਆਨੇ ਲਗਦੇ ਹਨ ਸਰਦਾਰ ਜੀ। ਚੰਦਰ ਪਹਿਚਾਣ ਜਿਤਾਉਂਦਾ ਹੋਇਆ ਕਹਿੰਦਾ ਹੈ, ਪਰ ਸਰਦਾਰ ਦੀਆਂ ਅੱਖਾਂ ਵਿਚ ਪਹਿਚਾਣ ਦਾ ਪਰਛਾਵਾਂ ਤਕ ਨਹੀਂ ਹੈ। ਉਹ ਫਿਰ ਕਹਿੰਦਾ ਹੈ—ਸਰਦਾਰ ਜੀ ਤੁਹਾਡੇ ਫਟ-ਫਟ ਤੇ ਹੀ ਵੀਹ ਵਾਰੀ ਚਾਰ ਆਨੇ ਦੇ ਕੇ ਆਇਆ ਹਾਂ !

—ਕਿਸ ਹੋਰ ਨੇ ਲਏ ਹੋਣਗੇ ਚਾਰ ਆਨੇ... ...ਅਸੀਂ ਤੇ ਛੇ ਆਨੇ ਤਾਂ ਘਟ ਨਹੀਂ ਲੈਂਦੇ ਬਾਦਸ਼ਾਹੋ !

ਸਰਦਾਰ ਇਸ ਵਾਰ ਪੰਜਾਬੀ ਵਿਚ ਬੋਲਿਆ ਸੀ ਤੇ ਉਸ ਦੀ ਹਥੇਲੀ ਫੈਲੀ ਹੋਈ ਸੀ।

ਗੱਲ ਦੋ ਆਨਿਆਂ ਦੀ ਨਹੀਂ ਸੀ। ਚੰਦਰ ਨੇ ਬਾਕੀ ਪੈਸੇ ਉਸਦੀ ਹਥੇਲੀ ਤੇ ਰੱਖ ਦਿਤੇ ਤੇ ਇੰਦਰਾ ਦੇ ਘਰ ਵਲ ਮੁੜ ਗਿਆ।

ਤੇ ਇੰਦਰਾ ਉਸਨੂੰ ਮਿਲੀ ਤਾਂ ਉਵੇਂ ਜਿਵੇਂ। ਉਹ ਆਪਣੇ ਪਤੀ ਦਾ ਇੰਤਜ਼ਾਰ ਕਰ ਰਹੀ [illegible]। ਬੜੀ ਚੰਗੀ ਤਰ੍ਹਾਂ ਉਸ ਨੇ ਚੰਦਰ ਨੂੰ ਬਿਠਾਇਆ ਤੇ ਬੋਲੀ—ਏਧਰ ਕਿਵੇਂ ਭੁੱਲ ਗਏ ਅੱਜ ? ਫਿਰ ਅੱਖਾਂ ਵਿਚ ਉਹੀ ਪਹਿਚਾਣ ਦੇ ਪਰਛਾਵੇਂ ਤੈਰ ਗਏ ਸਨ। ਕੁਝ ਚਿਰ ਬਾਅਦ ਇੰਦਰਾ ਨੇ ਕਿਹਾ—ਹੁਣ ਤਾਂ ਨੌਂ ਵੱਜ ਰਹੇ ਹਨ। ਇਹ ਅੱਠ ਵਜੇ ਹੀ ਫੈਕਟਰੀ ਬੰਦ ਕਰ ਕੇ ਮੁੜ ਆਉਂਦੇ ਹਨ, ਪਤਾ ਨਹੀਂ ਅੱਜ ਕਿਉਂ ਦੇਰ ਹੋ ਗਈ, ਅੱਛਾ ਚਾਹ ਤਾਂ ਪੀਓਗੇ ?

—ਚਾਹ ਲਈ ਇਨਕਾਰ ਤਾਂ ਨਹੀਂ ਕੀਤਾ ਜਾ ਸਕਦਾ। ਚੰਦਰ ਨੇ ਬੜੇ ਉਤਸ਼ਾਹ ਨਾਲ ਕਿਹਾ ਸੀ ਤੇ ਕੁਰਸੀ ਤੇ ਬੜੇ ਆਰਾਮ ਨਾਲ ਟੰਗਾਂ ਫੈਲਾ ਕੇ ਬੈਠ ਗਿਆ ਸੀ। ਉਸਦੀ ਸਾਰੀ ਥਕਾਵਟ ਉਤਰ ਗਈ ਸੀ ਤੇ ਮਨ ਦਾ ਇਕਲਾਪਾ ਡੁੱਬ ਗਿਆ ਸੀ।

ਨੌਕਰਾਣੀ ਆ ਕੇ ਚਾਹ ਰੱਖ ਗਈ। ਇੰਦਰਾ ਨੇ ਪਿਆਲੇ ਸਿੱਧੇ ਕਰਕੇ ਚਾਹ ਬਣਾਈ ਤੇ ਉਹ ਉਸਦੀਆਂ ਬਾਹਾਂ ਚਿਹਰੇ ਤੇ ਹੱਥਾਂ ਨੂੰ ਦੇਖਦਾ ਰਿਹਾ। ਸਭ ਕੁਝ ਉਹੀ ਸੀ, ਉਵੇਂ ਸੀ... ...ਚਿਰ-ਪਹਿਚਾਣਿਆਂ। ਤਦ ਇੰਦਰਾ ਨੇ ਪੁੱਛਿਆ—ਚੀਨੀ ਕਿੰਨੀ ਪਾਵਾਂ ?

ਤੇ ਇਕ ਝਟਕੇ ਨਾਲ ਸਭ ਕੁਝ ਖਿੰਡ ਗਿਆ, ਉਸ ਦਾ ਸੰਘ ਸੁੱਕਣ ਜਿਹਾ ਲਗਿਆ ਤੇ ਸਰੀਰ ਫੇਰ ਥਕਾਵਟ ਨਾਲ ਭਾਰੀ ਹੋ ਗਿਆ। ਮੱਥੇ ਤੇ ਪਸੀਨਾ ਆ ਗਿਆ। ਫਿਰ ਵੀ ਉਸ ਨੇ ਪਹਿਚਾਣ ਦਾ ਰਿਸ਼ਤਾ ਜੋੜਨ ਦੀ ਇਕ ਨਾਕਾਮ ਕੋਸ਼ਿਸ਼ ਕੀਤੀ ਤੇ ਬੋਲਿਆ—ਦੋ ਚਮਚੇ ਤੇ ਉਸ ਨੂੰ ਲਗਿਆ ਕਿ ਹੁਣੇ ਇੰਦਰਾ ਨੂੰ ਸਭ ਕੁਝ ਯਾਦ ਆ ਜਾਵੇਗਾ ਤੇ ਉਹ ਕਹੇਗੀ ਕਿ ਦੋ ਚਮਚੇ ਚੀਨੀ ਨਾਲ ਹੁਣ ਗਲ ਖ਼ਰਾਬ ਨਹੀਂ ਹੁੰਦਾ ?

ਪਰ ਇੰਦਰਾ ਨੇ ਪਿਆਲੇ ਵਿਚ ਦੋ ਚਮਚੇ ਚੀਨੀ ਪਾ ਦਿਤੀ ਤੇ ਉਸ ਵਲ ਕਰ ਦਿਤਾ। ਜ਼ਹਿਰ ਦੀਆਂ ਘੁਟਾਂ ਵਾਂਗ ਉਹ ਚਾਹ ਪੀਂਦਾ ਰਿਹਾ। ਇੰਦਰਾ ਏਧਰ-ਉਧਰ ਦੀਆਂ ਗੱਲਾਂ ਕਰਦੀ ਰਹੀ, ਪਰ ਉਨ੍ਹਾਂ ਵਿਚ ਉਸਨੂੰ ਮਹਿਮਾਨਵਾਜ਼ੀ ਦੀ ਬੂ ਲਗ ਰਹੀ ਸੀ ਤੇ ਚੰਦਰ ਦਾ ਦਿਲ ਕਰ ਰਿਹਾ ਸੀ ਕਿ ਇੰਦਰਾ ਕੋਲੋਂ ਕਿਵੇਂ ਵੀ ਭਜ ਜਾਵੇ ਤੇ ਕਿਸੇ ਕੰਧ ਨਾਲ ਆਪਣਾ ਸਿਰ ਭੰਨ ਤੋੜ ਲਵੇ।

ਜਿਵੇਂ-ਕਿਵੇਂ ਉਸਨੇ ਚਾਹ ਪੀਤੀ ਤੇ ਪਸੀਨਾ ਪੂੰਝਦਾ ਹੋਇਆ ਬਾਹਰ ਨਿਕਲ ਆਇਆ। ਇੰਦਰਾ ਨੇ ਕੀ ਕੀ ਗੱਲਾਂ ਕੀਤੀਆਂ, ਉਸਨੂੰ ਬਿਲਕੁਲ ਯਾਦ ਨਹੀਂ।

ਸੜਕ 'ਤੇ ਆ ਕੇ ਉਹ ਇਕ ਡੂੰਘਾ ਸਾਹ ਲੈਂਦਾ ਹੈ ਤੇ ਕੁਝ ਚਿਰ ਲਈ ਖੜ੍ਹਾ ਰਹਿ ਜਾਂਦਾ ਹੈ। ਉਸ ਦਾ ਸੰਘ ਬੁਰੀ ਤਰ੍ਹਾਂ ਸੁਕ ਰਿਹਾ ਹੈ ਤੇ ਮੂੰਹ ਦਾ ਸੁਆਦ ਬੇਹਦ ਵਿਗੜਿਆ ਹੋਇਆ ਹੈ।

ਚੌਰਾਹੇ ਤੇ ਕੁਝ ਟੈਕਸੀ ਡਰਾਈਵਰ ਨਸ਼ੇ ਵਿਚ ਗਾਲ੍ਹਾਂ ਬੱਕ ਰਹੇ ਹਨ ਤੇ ਇਕ ਕੁੱਤਾ ਦੂਰ ਸੜਕ ਉਤੇ ਭੌਂਕਿਆ ਜਾ ਰਿਹਾ ਹੈ। ਮੱਛੀਆਂ ਤਲਣ ਦੀ ਬੋ ਇਥੇ ਤਕ ਆ ਰਹੀ ਹੈ ਤੇ ਪਾਨ ਵਾਲੇ ਦੀ ਦੁਕਾਨ ਤੇ ਕੁਝ ਜਵਾਨ ਮੁੰਡੇ ਕੋਕਾ ਕੋਲਾ ਦੀਆਂ ਬੋਤਲਾਂ ਮੂੰਹਾਂ ਨੂੰ ਲਾਈ ਖੜੇ ਹਨ। ਸਕੂਟਰਾਂ ਵਿਚ ਕੁਝ ਲੋਕ ਭਜੇ ਜਾ ਰਹੇ ਹਨ। ਤੇ ਸ਼ਹਿਰ ਤੋਂ ਦੂਰ ਜਾਣ ਵਾਲੇ ਲੋਕ ਬੱਸ—ਸਟਾਪ 'ਤੇ ਖੜੇ ਅਜ ਵੀ ਇੰਤਜ਼ਾਰ ਕਰ ਰਹੇ ਹਨ।

ਕਾਰਾਂ, ਟੈਕਸੀਆਂ, ਬੱਸਾਂ ਤੇ ਸਕੂਟਰ ਆ ਜਾ ਰਹੇ ਹਨ। ਦੁਰਾਹਿਆਂ ਤੇ ਲੱਗੀਆਂ ਬੱਤੀਆਂ ਦੀਆਂ ਅੱਖਾਂ ਅਜੇ ਵੀ ਲਾਲ ਪੀਲੀਆਂ ਹੋ ਰਹੀਆਂ ਹਨ।

> ... ਸ਼ੋਰ-ਸ਼ਰਾਬੇ ਨਾਲ ਭਰੇ ਉਸ ਮਾਹੌਲ ਵਿੱਚ ਉਹ ਬਹੁਤ ਇਕੱਲਾ ਜਿਹਾ ਮਹਿਸੂਸ ਕਰਦਾ ਹੈ ਤੇ ਲਗਦਾ ਹੈ ਕਿ ਪਿਛਲੇ ਤਿੰਨ ਸਾਲਾਂ ਵਿੱਚ ਅਜਿਹਾ ਕੁਝ ਵੀ ਨਹੀਂ ਹੋਇਆ ਜਿਹੜਾ ਉਸਦਾ ਆਪਣਾ ਹੋਵੇ, ਜਿਸਦੀ ਕਸਕ ਅਤੇ ਤੜਪ ਹੋਵੇ, ਖ਼ੁਸ਼ੀ ਜਾਂ ਦਰਦ ਅਤੇ ਦੀ ਮੌਜੂਦ ਹੋਵੇ।

ਚੰਦਰ ਥੱਕਿਆ ਜਿਹਾ ਆਪਣੇ ਘਰ ਵਲ ਮੁੜ ਰਿਹਾ ਹੈ। ਉਂਗਲੀਆਂ ਤੇ ਜੁੱਤੀ ਲੱਗ ਰਹੀ ਹੈ ਤੇ ਜੁਰਾਬ ਦੀ ਬਦਬੂ ਹਰ ਵੀ ਤੇਜ਼ ਹੋ ਗਈ ਹੈ।

ਆਖਰ ਉਹ ਥੱਕਿਆ—ਹਾਰਿਆ ਘਰ ਪਹੁੰਚਦਾ ਹੈ ਤੇ ਮਹਿਮਾਨ ਵਾਂਗ ਕੁਰਸੀ ਤੇ ਬੈਠ ਜਾਂਦਾ ਹੈ। ਇਹ ਗੱਲ ਕੋਈ ਨਵੀਂ ਗਲ ਨਹੀਂ ਹੈ। ਨਿਰਮਲਾ ਉਸ ਨੂੰ ਦੇਖ ਕੇ ਮੁਸਕਰਾਉਂਦੀ ਹੈ—ਤੇ ਹੋਲੀ ਦੇਕੇ ਬਾਹਾਂ ਤੇ ਹੱਥ ਰੱਖ ਕੇ ਪੁਛਦੀ ਹੈ—ਬਹੁਤ ਥੱਕ ਗਏ ?

—ਹਾਂ ! ਚੰਦਰ ਕਹਿੰਦਾ ਹੈ ਤੇ ਉਸ ਨੂੰ ਬਹੁਤ ਪਿਆਰ ਨਾਲ ਦੇਖਦਾ ਹੈ। ਉਸ ਦਾ ਮਨ ਅੰਦਰੋਂ ਉਮਡ ਆਉਂਦਾ ਹੈ, ਉਹ ਕਿਰਾਏ ਦਾ ਮਕਾਨ ਵੀ ਉਸ ਸਮੇਂ ਉਸ ਨੂੰ ਰਾਹਤ ਦਿੰਦਾ ਹੈ ਤੇ ਲਗਦਾ ਹੈ ਕਿ ਉਹ ਉਸੇ ਦਾ ਹੈ।

ਨਿਰਮਲਾ ਖਾਣਾ ਲਾਉਂਦੀ ਹੋਈ ਕਹਿੰਦੀ ਹੈ— ਹੱਥ ਮੂੰਹ ਧੋ ਲਵੋ।

—ਅਜੇ ਖਾਣ ਨੂੰ ਮਨ ਨਹੀਂ ਕਰਦਾ। ਚੰਦਰ ਕਹਿੰਦਾ ਹੈ ਤਾਂ ਉਹ ਬਹੁਤ ਪਿਆਰ ਨਾਲ ਦੇਖਦੀ ਹੋਈ ਪੁੱਛਦੀ ਹੈ—ਕਿਉਂ ? ਕੀ ਗੱਲ ਐ ? ਸਵੇਰੇ ਵੀ ਤਾਂ ਖਾ ਕੇ ਨਹੀਂ ਗਏ ਸੀ, ਦੁਪਹਿਰੇ ਕੁਝ ਖਾਧਾ ਸੀ ?

—ਹਾਂ। ਉਹ ਕਹਿੰਦਾ ਹੈ ਤੇ ਨਿਰਮਲਾ ਦੇਖਦੀ ਰਹਿ ਜਾਂਦੀ ਹੈ।

ਨਿਰਮਲਾ ਕੁਝ ਅਚਕਚਾਉਂਦੀ ਹੈ ਤੇ ਕੁਝ ਦੇਰ ਬਾਦ ਥੱਕੀ ਜਿਹੀ ਉਸ ਦੇ ਕੋਲ ਬੈਠ ਜਾਂਦੀ ਹੈ।

ਚੰਦਰ ਕੁਝ ਦੇਰ ਗੁਆਚੀਆਂ ਨਜ਼ਰਾਂ ਨਾਲ ਕਮਰੇ ਦੀ ਹਰ ਚੀਜ਼ ਦੇਖਦਾ ਰਹਿੰਦਾ ਹੈ ਤੇ ਵਿੱਚ ਵਿੱਚ ਬੜੀਆਂ ਡੂੰਘੀਆਂ ਨਜ਼ਰਾਂ ਨਾਲ ਨਿਰਮਲਾ ਨੂੰ ਤੱਕਦਾ ਹੈ। ਨਿਰਮਲਾ ਕੋਈ ਕਿਤਾਬ ਖੋਲ੍ਹ ਕੇ ਪੜ੍ਹਨ ਲਗਦੀ ਹੈ ਤੇ ਚੰਦਰ ਉਸਨੂੰ ਦੇਖੀ ਜਾ ਰਿਹਾ ਹੈ।

ਪਿੱਛੇ ਤੋਂ ਪੈ ਰਹੀ ਰੌਸ਼ਨੀ ਵਿਚ ਨਿਰਮਲਾ ਦੇ ਵਾਲ ਰੇਸ਼ਮ ਵਾਂਗ ਚਮਕ ਰਹੇ ਹਨ, ਉਸ ਦੀਆਂ ਭਿਰਣਾ ਮਲਾਇਮ ਕੌਡਿਆਂ ਦੀ ਤਰ੍ਹਾਂ ਲੱਗ ਰਹੀਆਂ ਹਨ ਤੇ ਪੁੜਪੁੜੀ ਕੋਲੋਂ ਰੇਸ਼ਮੀ ਵਾਲਾਂ ਦੇ ਸਿਰੇ ਆਪਣੇ ਆਪ ਘੁੰਮ ਗਏ ਹਨ। ਪਲਕਾਂ ਦੇ ਬਲ ਪੈਦਾ ਹੋਇਆ ਪਰਛਾਵਾਂ ਬਹੁਤ ਪਹਿਚਾਣਿਆਂ ਜਿਹਾ ਲਗਦਾ ਹੈ। ਉਸਨੇ ਕੜਾ ਅੱਧੀ ਬਾਂਹ ਤਕ ਸਰਕਾ ਲਿਆ ਹੈ।

ਚੰਦਰ ਦੀਆਂ ਨਿਗਾਹਾਂ ਉਸ ਦੇ ਅੰਗ ਅੰਗ ਵਿਚੋਂ ਪੁਰਾਣੀ ਪਹਿਚਾਣ ਖੋਜ ਰਹੀਆਂ ਹਨ, ਉਸ ਦੇ ਨਹੁੰ, ਉਂਗਲੀਆਂ ਤੇ ਬੰਨ੍ਹਾਂ ਦੇ ਗੋਂਦਰ ਕਿਨਾਰੇ ...।

ਉੱਠ ਕੇ ਉਹ ਪਰਦੇ ਖਿਚ ਦਿੰਦਾ ਹੈ ਤੇ ਆਰਾਮ ਨਾਲ ਲੇਟ ਜਾਂਦਾ ਹੈ। ਉਸ ਨੂੰ ਲਗਦਾ ਹੈ ਕਿ ਉਹ ਇਕੱਲਾ ਨਹੀਂ ਹੈ। ਅਜਨਬੀ ਤੇ ਤਨਹਾ ਨਹੀਂ, ਸਾਹਮਣੇ ਵਾਲਾ ਗੁਲਦਸਤਾ ਉਸ ਦਾ ਆਪਣਾ ਹੈ, ਪਏ ਹੋਏ ਕਪੜੇ ਉਸਦੇ ਆਪਣੇ ਹਨ, ਉਨ੍ਹਾਂ ਦੀ ਗੰਧ ਉਹ ਪਹਿਚਾਣਦਾ ਹੈ।

ਇਨ੍ਹਾਂ ਸਾਰੀਆਂ ਚੀਜ਼ਾਂ ਵਿਚ ਇਕ ਗਹਿਰੀ ਪਹਿਚਾਣ ਹੈ ਘੋਰ ਹਨੇਰੀ ਰਾਤ ਵਿਚ ਵੀ ਉਹ ਉਨ੍ਹਾਂ ਨੂੰ ਟੋਹ ਕੇ ਪਹਿਚਾਣ ਸਕਦਾ ਹੈ। ਕਿਸੇ ਵੀ ਦਰਵਾਜ਼ੇ ਵਿਚ ਦੀ ਬਿਨਾ ਟਕਰਾਏ ਨਿਕਲ ਸਕਦਾ ਹੈ।

...ਉਸੇ ਵੇਲੇ ਪੌੜੀਆਂ ਤੇ ਗੁਲਾਟੀ ਦੇ ਥੱਕੇ ਕਦਮਾਂ ਦੀ ਖੋਖਲੀ ਆਹਟ ਸੁਣਾਈ ਦਿੰਦੀ ਹੈ ਤੇ ਉਸ ਨੂੰ ਘਬਰਾਹਟ ਜਿਹੀ ਹੁੰਦੀ ਹੈ। ਉਹ ਹੋਲੀ ਦੇ ਕੇ ਨਿਰਮਲਾ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ। ਉਸ ਨੂੰ ਲੰਮੀ ਪਾਕੇ ਉਸ ਦੀ ਛਾਤੀ ਤੇ ਹਥ ਰਖ ਲੈਂਦਾ ਹੈ।

ਕਈ ਪਲਾਂ ਤੱਕ ਉਹ ਉਸ ਦੇ ਸਾਹ ਨਾਲ ਉਠਦੀ ਬੈਠਦੀ ਛਾਤੀ ਨੂੰ ਮਹਿਸੂਸ ਕਰਦਾ ਹੈ...ਤੇ ਚਾਹੁੰਦਾ ਹੈ ਕਿ ਨਿਰਮਲਾ ਦੇ ਸਰੀਰ ਦਾ ਅੰਗ ਅੰਗ ਤੇ ਮਨ ਦੀ ਹਰ ਧੜਕਣ ਉਸਨੂੰ ਪਹਿਚਾਣ ਦੀ ਗਵਾਹੀ ਦੇਣ... ਗਹਿਰੀ ਅਪਣੱਤ ਤੇ ਨਿਰਬੰਧ ਏਕਤਾ ਦਾ ਅਹਿਸਾਸ ਦੇਵੇ।

ਹਨੇਰੇ ਵਿਚ ਹੀ ਉਹ ਉਸ ਦੇ ਨਹੁੰਆਂ ਨੂੰ ਟੋਂਹਦਾ ਹੈ ਉਸਦੀਆਂ ਪਲਕਾਂ ਨੂੰ ਛੋਂਹਦਾ ਹੈ, ਉਸ ਦੀ ਗਰਦਨ ਵਿਚ ਮੂੰਹ ਛੁਪਾ ਕੇ ਖੋ ਜਾਣਾ ਚਾਹੁੰਦਾ ਹੈ. ਧੋਤੇ ਹੋਏ ਵਾਲਾਂ ਦੀ ਚਿਰ-ਜਾਣੀ ਗੰਧ ਉਸ ਦੇ ਲੂੰ ਲੂੰ ਵਿਚ ਰਸਣ ਲਗਦੀ ਹੈ ਤੇ ਉਸ ਦੇ ਹਥ ਪਹਿਚਾਣ ਲਈ ਪੋਰ ਪੋਰ ਤੇ ਥਰਥਰਾਉਂਦੇ ਹੋਏ ਸਰਕਦੇ ਹਨ। ਨਿਰਮਲਾ ਦਾ ਸਾਹ ਭਾਰਾ ਹੋ ਜਾਂਦਾ ਹੈ।

ਉਹ ਉਸ ਦੀਆਂ ਮਾਂਸਲ ਬਾਹਾਂ ਨੂੰ ਮਹਿਸੂਸ ਕਰਦਾ ਹੈ ਤੇ ਗੋਲ ਗਦਰਾਏ ਮੋਢਿਆਂ ਤੇ ਹੱਥ ਨਾਲ ਥਪ-ਥਪਾਉਂਦਾ ਰਹਿੰਦਾ ਹੈ। ਨਿਰਮਲਾ ਦਾ ਅੰਗ ਅੰਗ ਅਨੋਖੇ ਸੁਆਦ ਨਾਲ ਖਿਰਿਆ ਜਿਹਾ ਜਾ ਰਿਹਾ ਹੈ। ਉਸ ਦਾ ਰੋਮ-ਰੋਮ ਉਸਨੂੰ ਪਹਿਚਾਣ ਰਿਹਾ ਸੀ, ਜੋੜ-ਜੋੜ ਕਸਾਓ ਨਾਲ ਪੁਰਤ ਸੀ, ਤਨ ਦੇ ਅੰਦਰ ਗਰਮ ਲਹੂ ਦੇ ਜਵਾਰ ਉੱਠ ਰਹੇ ਸਨ ਤੇ ਹਰ ਸਾਹ ਨੇੜੇ ਖਿੱਚਿਆ ਜਾ ਰਿਹਾ ਸੀ। ਅੰਗ ਅੰਗ, ਪੋਰ ਪੋਰ ਵਿਚ ਡੂੰਘੀ ਪਹਿਚਾਣ ਸੀ...

ਤਦ ਹੀ ਖ਼ਿਸ਼ਨ ਕਪੂਰ ਦੀ ਖਿੜਕੀ ਵਿਚ ਚਾਨਣ ਹੁੰਦਾ ਹੈ ਤੇ ਧੂੰਆਂ ਸਲਾਖਾਂ ਨਾਲ ਲਿਪਟ-ਲਿਪਟ ਕੇ ਗਲੀ ਦੇ ਹਨੇਰੇ ਵਿਚ ਡੁੱਬਣ ਲਗਦਾ ਹੈ।

ਤੇ ਉਸਦਾ ਤਨਹਾ ਮਨ ਤਨਹਾਈਆਂ ਨੂੰ ਛੱਡਕੇ ਉਸ ਜਾਣੀ ਹੋਈ ਗੰਧ, ਜਾਣੇ ਹੋਏ ਸਾਹਾਂ ਤੇ ਪਹਿਚਾਣੇ ਸਪਰਸ਼ਾਂ ਵਿੱਚ ਡੁਬਦਾ ਜਾਂਦਾ ਹੈ, ਉਸ ਨੂੰ ਹੋਰ ਕੁਝ ਨਹੀਂ ਚਾਹੀਦਾ। ਪਰੀਚਯ ਦੀ ਇਕ ਮੰਗ ਹੈ ਤੇ ਉਸ ਹਨੇਰੇ ਵਿਚ ਉਹ ਸਾਹ ਤੋਂ, ਗੰਧ ਤੋਂ, ਤਨ ਦੇ ਟੁਕੜੇ ਤੋਂ ਪਹਿਚਾਣ ਚਾਹੁੰਦਾ ਹੈ, ਪੁਰਾਣੀ ਪ੍ਰਤੀਤੀ ਚਾਹੁੰਦਾ ਹੈ।

ਚਾਰੇ ਪਾਸੇ ਸਨਾਟਾ ਛਾ ਜਾਂਦਾ ਹੈ।

ਤੇ ਇਸ ਖਾਮੋਸ਼ੀ ਵਿਚ ਉਹ ਆਸਵੰਦ ਹੋ ਜਾਂਦਾ ਹੈ, ਉਹ ਬਾਹਾਂ ਵਿਚ ਉਸ ਨੂੰ ਘੁਟ ਲੈਂਦਾ ਹੈ। ਜਵਾਰ ਹੋਰ ਉਠਦਾ ਹੈ। ਤਨ ਦੀ ਗਰਮਾਹਟ ਹੋਰ ਵਧਦੀ ਹੈ ਤੇ ਲੂੰ-ਲੂੰ ਵਿਚ ਏਕਤਾ ਦਾ ਸਾਗਰ ਲਹਿਰਾਉਣ ਲਗਦਾ ਹੈ।

ਹੋਲੀ ਹੋਲੀ ਨਿਰਮਲਾ ਦੇ ਤੇਜ਼ ਸਾਹ ਧੀਮੇ ਪੈਂਦੇ ਹਨ ਤੇ ਰੁੱਬਕੀ ਖਿਚ ਢਿਲੀ ਪੈ ਜਾਂਦੀ ਹੈ, ਖਿਚਾਓ ਟੁੱਟਣ ਲਗਦਾ ਹੈ ਤੇ ਅੰਗਾਂ ਦੇ ਜਵਾਰ ਉਤਰਨ ਲਗਦੇ ਹਨ।

ਚੰਦਰ ਕਸਕੇ ਉਸਦੀਆਂ ਬਾਹਾਂ ਨੂੰ ਜਕੜੀ ਰਖਦਾ ਹੈ... ਉਤਰਦਾ ਹੋਇਆ ਜਵਾਰ ਉਸਨੂੰ ਫਿਰ ਇਕੱਲਾ ਛਡੀ ਜਾ ਰਿਹਾ ਹੈ...ਅਨਜਾਣ ਕਿਨਾਰਿਆਂ ਤੇ ਛੱਡੀ ਸਿੱਪੀ ਵਾਂਗ।

ਨਿਰਮਲਾ ਆਪਣੀ ਦੱਬੀ ਹੋਈ ਬਾਂਹ ਕੱਢ ਲੈਂਦੀ ਹੈ ਤੇ ਡੂੰਘਾ ਸਾਹ ਲੈ ਕੇ ਢਿਲੀ ਜਿਹੀ ਪੈ ਜਾਂਦੀ ਹੈ।

ਹੋਲੀ ਹੋਲੀ ਸਭ ਕੁਝ ਸੌਂ ਜਾਂਦਾ ਹੈ ਤੇ ਰਾਤ ਬਹੁਤ ਥਲੇ ਉੱਤਰ ਆਉਂਦੀ ਹੈ। ਕਿਤੇ ਕੋਈ ਆਵਾਜ਼ ਨਹੀਂ ਆਹਟ ਨਹੀਂ।

ਹੌਲੀ ਦੇ ਕੇ ਨਿਰਮਲਾ ਪਾਸਾ ਬਦਲਦੀ ਹੈ ਦੂਜੇ ਪਾਸੇ ਮੂੰਹ ਕਰ ਕੇ ਡੂੰਘੀ ਨੀਂਦ ਵਿਚ ਡੁੱਬ ਜਾਂਦੀ ਹੈ।

ਪਾਸਾ ਬਦਲਕੇ ਪਈ ਹੋਈ ਨਿਰਮਲਾ ਨੂੰ ਉਹ ਅਲਸਾਇਆਂ ਜਿਹਾ ਦੇਖਦਾ ਰਹਿੰਦਾ ਹੈ...

ਤੇ ਚੰਦਰ ਫਿਰ ਆਪਣੇ ਆਪ ਨੂੰ ਬੇਹਦ ਇਕਲਾ ਮਹਿਸੂਸ ਕਰਦਾ ਹੈ... ਉਹ ਨਿਰਮਲਾ ਦੇ ਮੋਢੇ ਉਤੇ ਹਥ ਰਖਦਾ ਹੈ ਚਾਹੁੰਦਾ ਹੈ ਕਿ ਉਸ ਦੀ ਕਰਵਟ ਬਦਲ ਦੇਵੇ, ਪਰ ਉਸ ਦੀਆਂ ਉਂਗਲਾਂ ਬੇਜਾਨ ਹੋ ਕੇ ਰਹਿ ਜਾਂਦੀਆਂ ਹਨ। ਕੁਝ ਚਿਰ ਉਹ

ਹਨੇਰੇ ਵਿਚ ਹੀ ਨਿਰਮਲਾ ਨੂੰ ਉਧਰ ਮੂੰਹ ਕੀਤੇ ਲੇਟੀ ਹੋਈ ਵੇਖਦਾ ਹੈ ਤੇ ਬੇਬੱਸ ਜਿਹਾ ਆਪ ਵੀ ਲੇਟ ਜਾਂਦਾ ਹੈ। ਪਤਾ ਨਹੀਂ ਕਦੋਂ ਉਸ ਦੀਆਂ ਅੱਖਾਂ ਝਪਕ ਜਾਂਦੀਆਂ ਹਨ...

ਤੇ ਫਿਰ ਬਹੁਤ ਦੇਰ ਬਾਦ ਥਾਣੇ ਦਾ ਘੜਿਆਲ ਦੋ ਵੇ ਘੰਟੇ ਵਜਾਉਂਦਾ ਹੈ ਤੇ ਉਸ ਦੀ ਨੀਂਦ ਉਖੜ ਜਾਂਦੀ ਹੈ। ਨੀਂਦ ਖੁਮਾਰ ਵਿਚ ਹੀ ਉਹ ਚੌਂਕ ਜਿਹਾ ਪੈਂਦਾ ਹੈ ਕਮਰੇ ਦੀ ਖਾਮੋਸ਼ੀ ਤੇ ਸੁੰਨੇਪਣ ਤੋਂ ਉਸ ਨੂੰ ਡਰ ਜਿਹਾ ਲਗਦਾ ਹੈ। ਹਨੇਰੇ ਵਿਚ ਹੀ ਉਹ ਨਿਰਮਲਾ ਨੂੰ ਟੋਂਹਦਾ ਹੈ, ਸਿਰਹਾਣੇ ਤੇ ਖਿੰਡੇ ਉਸਦੇ ਵਾਲਾਂ ਉਤੇ ਉਸ ਦਾ ਹੱਥ ਪੈਂਦਾ ਹੈ ਤੇ ਉਹ ਉਨ੍ਹਾਂ ਵਾਲਾਂ ਦੀ ਚਿਕਨਾਈ ਨੂੰ ਮਹਿਸੂਸ ਕਰਦਾ ਹੈ.. ...ਸਿਰ ਝੁਕਾ ਕੇ ਉਨ੍ਹਾਂ ਨੂੰ ਸੁੰਘਦਾ ਹੈ...।

ਫੇਰ ਨਿਰਮਲਾ 'ਤੇ ਹਥ ਰਖਦਾ ਹੈ...ਉਸਦੇ ਗੋਲ ਮੋਢਿਆਂ ਨੂੰ ਛੋਂਹਦਾ ਹੈ...ਉਹ ਸਪਰਸ਼ ਵੀ ਪਹਿਚਾਣਿਆ ਹੋਇਆ ਹੈ..., ਹੌਲੀ ਹੌਲੀ ਉਹ ਉਸ ਦੇ ਪੂਰੇ ਸਰੀਰ ਨੂੰ ਪਹਿਚਾਨਣ ਲਈ ਟੋਂਹਦਾ ਹੈ ਤੇ ਉਸਦੇ ਸਾਹਾਂ ਦੀ ਹਲਕੀ ਅਵਾਜ਼ ਨੂੰ ਸੁਣਨ ਤੇ ਪਹਿਚਾਨਣ ਦੀ ਕੋਸ਼ਿਸ਼ ਕਰਦਾ ਹੈ।

ਨਿਰਮਲਾ ਅਜੇ ਵੀ ਕਰਵਟ ਲਈ ਪਈ ਸੀ। ਉਹ ਹੌਲੀ ਦੇ ਕੇ ਨੀਂਦ 'ਚੋਂ ਬੋਲਦੀ ਹੈ। ਚੰਦਰ ਦਾ ਦਿਲ ਧੱਕ ਕਰਕੇ ਰਹਿ ਜਾਂਦਾ ਹੈ, ਕਿਤੇ ਨਿਰਮਲਾ ਜਾਗ ਨਾ ਪਵੇ, ਅਣਜਾਣੇ ਹੀ ਇਸ ਸਪਰਸ਼ ਨਾਲ ਅਜਨਬੀਆਂ ਵਾਂਗ ਚੌਂਕ ਨਾ ਜਾਵੇ।

ਨਿਰਮਲਾ ਸੁੱਤੀ-ਸੁੱਤੀ ਇਕ ਵਾਰੀ ਰੁਕ-ਰੁਕ ਕੇ ਸਾਹ ਲੈਂਦੀ ਹੈ, ਜਿਵੇਂ ਉਸ ਨੂੰ ਡਰ ਜਿਹਾ ਲਗ ਰਿਹਾ ਹੋਵੇ...ਜਾਂ ਕੋਈ ਡਰਾਉਣਾ ਸੁਪਨਾ ਦੇਖ ਰਹੀ ਹੋਵੇ...ਚੰਦਰ ਸੁੰਨ ਜਿਹਾ ਰਹਿ ਜਾਂਦਾ...ਕੀ ਉਹ ਉਸਦੇ ਸਪਰਸ਼ ਨੂੰ ਨਹੀਂ ਪਹਿਚਾਣਦੀ?

ਤੇ ਫਿਰ ਨਿਰਮਲਾ ਨੂੰ ਝੰਜੋੜ ਕੇ ਉਹ ਉਠਾਉਂਦਾ ਹੈ, —ਨਿਰਮਲਾ...ਨਿਰਮਲਾ...ਉਹ ਬਦਹਵਾਸੀ ਵਿਚ ਕਹਿੰਦਾ ਹੈ।

ਨਿਰਮਲਾ ਚੌਂਕ ਕੇ ਉਠਦੀ ਹੈ ਤੇ ਅੱਖਾਂ ਮਲਦੀ ਹੋਈ ਆਮ ਵਾਂਗ ਹੋਣ ਦੀ ਕੋਸ਼ਿਸ਼ ਕਰਦੀ ਹੈ।

ਤੇ ਬਿਜਲੀ ਜਲਾ ਕੇ ਉਹ ਨਿਰਮਲਾ ਨੂੰ ਦੋਵੇਂ ਮੋਢਿਆਂ ਤੋਂ ਫੜਕੇ ਆਪਣਾ ਮੂੰਹ ਉਸਦੇ ਸਾਹਮਣੇ ਕਰਕੇ ਡਰੀ ਹੋਈ ਅਵਾਜ਼ ਵਿਚ ਪੁਛਦਾ ਹੈ—ਮੈਨੂੰ ਪਹਿਚਾਣਦੀ ਏਂ ? ਮੈਨੂੰ ਪਹਿਚਾਣਦੀ ਏਂ ਨਿਰਮਲਾ ?

ਨਿਰਮਲਾ ਅੱਖਾਂ ਟੱਡੀ ਦੇਖਦੀ ਰਹਿ ਜਾਂਦੀ ਹੈ, ਹੌਲੀ ਦੇ ਕੇ ਹੈਰਾਨੀ ਭਰੇ ਸਵਰ ਵਿਚ ਕਹਿੰਦੀ ਹੈ—ਕੀ ਹੋਇਆ ?

ਤੇ ਉਹ ਨਿਰਮਲਾ ਨੂੰ ਤੱਕਦਾ ਰਹਿ ਜਾਂਦਾ ਹੈ। ਉਸ ਦੀਆਂ ਅੱਖਾਂ ਉਸ ਦੇ ਚਿਹਰੇ ਤੇ ਕੁਝ ਖੋਜਦੀਆਂ ਰਹਿ ਜਾਂਦੀਆਂ ਹਨ। ●


# ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



New Store
**9:00 a.m. to 6:30 p.m.**

# BHARTI ART JEWELLERS

*Specialist in East Indian Jewelry Craftware*

**RASIK PAREKH**
Res.: 879-5610
Store: 874-9448

865 Kingsway nr. Fraser
Vancouver B.C., Canada

We Also Take Orders For
Marriage Party Photos and Group Photos
**Contact Raj**

# B. R. CONTRACTORS

for
ELECTRICAL WIRING
in
New Houses (Residential, Commercial and Domestic) Installation and Repairs of Washers, Dryers and Stoves

FRAMING

For Custom Homes (Commercial, Residential and Industrial) plus renovations

All types of
Back Hoe Service
*Digging, Trenching, Sewers, Back Filling, etc.*



580 — Rubber wheeled backhoe

*Contact:*
**TARLOCHAN BAINS**
1363 E. 12th Avenue,
Vancouver, B.C.

Business: 879-2062
Mobile Phone: JR2-8484
(via operator)

**HAPPY 1976!**

**THINKING OF TRAVEL?**
**WE CAN SAVE TIME & TROUBLE**

*GROUPS — CHARTER — EXCURSION*
PAY LATER
SPECIAL IMMIGRANT FARES AVAILABLE

# GOYAL TRAVELS

**4160 FRASER STREET, VANCOUVER 10, B.C.**
**PHONE: 872-7658**

ASSOCIATE OFFICES:
1. NEAR COURTS, MOGA, PANJAB (INDIA) — PHONE 798
2. NEAR COURTS, JAGRAEN, PANJAB (INDIA) — PHONE 252
3. NEAR COURTS, PHAGWARA, PANJAB (INDIA)



## HAKIM S. GILL



**4 Piece as shown** *Sofa*, 2 *Chairs* and Ottoman in 100% Herculon, stain resistant fabric in 2 colors.
**YOUR CHOICE ONLY** .............. **$488**



**4 Piece Sectional as shown in Beautiful Fabrics.** 2 colors (gold & red) with contrasting reversible cushion.
**YOUR CHOICE ONLY** ......... **$488**

# GILL'S

**4678 Main St. at 3**
**FREE DELIVERY ANYWHERE**




# UNBEATAB

**20" Super Solor Color PORTABLE TV "The Cons**

- COLOR MASTER "one-touch" color control.
- 100% Solid state AFC. • Pre-set VHF fine t
- Solid state VHF/UHF tuners. • Rotary prefe
- Push-push on-off/volume control • Easy-
- Dipole antenna. • ⅜" X ⅜" Alnico V speaker.

Absolutely outstanding value at ONLY

This includes 1 year FREE in home service PLUS complete

**Terms to suit your budge**

**We absolutely guarantee**
**100%**
**satisfaction in your home.**

FURNITURE — APPLIANCES
CARPET — DRAPES —
COLOR T.V.'s — ETC.

*Lots of Free Parking*

Ave. **872-8478**

GREATER VANCOUVER AREA





# HAKIM S. GILL

# LE VALUES!

rt"

ng.
ce controls.
y handle.

**469**

iral Warranty.




**• 90 Days same as cash**

We guarantee the lowest prices in B.C. on any item we sell. We will refund the difference in cash if found at a lower price elsewhere within 30 days.



**Exactly as shown — Beautiful 6-pce. Spanish Bedroom Suite.** Triple dresser, mirror, 5 drawer chest, Headboard and 2 Night Tables. **Your Choice at the Unbelievable Low Low Price of only** ........................... **$499**



**Exactly as shown — Beautiful 6-pce. Mediterranean Bedroom Suite.** Triple Dresser, Mirror, 5-Drawer Chest, Headboard and 2 Night Tables. **Your Choice at the Unbelievable Low Low Price of Only** .............. **$499**



# ਮੋਏ ਪਾਤਰਾਂ ਦੀ ਉਡੀਕ

ਰਾਜਬੀਰ

ਉਸ ਰਿਆਸਤ ਵਿਚ ਖੇਤੀ ਦਾ ਧੰਦਾ ਹੀ ਮੁਖ ਧੰਦਾ ਸੀ। ਲੋਕਾਂ ਦੀ ਮਿਹਨਤ ਸਦਕਾ ਸਦਾ ਖੇਤਾਂ 'ਚ ਬਹਾਰ ਰਹਿੰਦੀ। ਖੇਤ ਸਦਾ ਲਹਿ ਲਹਿ ਕਰਦੇ । ਚੁਫੇਰੇ ਹਰਿਆਵਲ ਹੀ ਹਰਿਆਵਲ ਹੁੰਦੀ। ਮਿਹਨਤੀਆਂ ਦੀ ਮਿਹਨਤ ਸਦਕਾ।......ਬਾਦਸ਼ਾਹ ਵਲੋਂ ਲੋਕਾਂ ਨੂੰ ਸਖਤ ਮਿਹਨਤ ਕਰਨ ਦਾ 'ਹੁਕਮ' ਸੀ । ਵਿਹਲਿਆਂ ਨੂੰ ਡੰਨ ਮਿਲਦਾ ਸੀ। ਮਿਹਨਤੀਆਂ ਨੂੰ ਇਨਾਮ ਨਹੀਂ ।...... ਮਿਹਨਤੀਆਂ ਨੂੰ ਇਹੋ ਇਨਾਮ ਸਮਝ ਲਵੋ ਕਿ ਉਹ ਆਪਣੀ ਉਮਰ ਭੋਗ ਸਕਦੇ ਸਨ..... ਪੂਰੀ ਦੀ ਪੂਰੀ ਉਮਰ। ਤੇ ਨਿਰੀ ਉਮਰ ਭੋਗਣਾ ਹੀ ਜੀਵਨ ਨਹੀ...।

ਉਸ ਰਿਆਸਤ ਦੇ ਲੋਕ ਖਾਮੋਸ਼......ਸਦਾ ਮਿਹਨਤ ਵਿਚ ਜੁਟੇ ਰਹਿੰਦੇ। ਕੋਈ ਵੀ ਉਥੇ ਹੱਸ ਨਹੀਂ ਸੀ ਸਕਦਾ। ਹੱਸਣਾ ਤਾਂ ਕਿਧਰੇ......ਖੁਸ਼ੀ ਦੀ ਲਹਿਰ ਵੀ ਕਿਸੇ ਦੇ ਚਿਹਰੇ ਤੇ ਦੌੜ ਜਾਏ ਤਾਂ ਸਮਝ ਲਵੋ......

ਕਿਸੇ ਸਮੇਂ ਬਾਦਸ਼ਾਹ 'ਨਿਰਾ' ਡਾਕੂ ਸੀ। ਦਸ ਬੰਦੇ, ਨਾਲ ਘੋੜ-ਸਵਾਰ ਹੁੰਦੇ। ਜਿਧਰ ਧਾਵਾ ਬੋਲਦੇ ਖੂਬ ਲੁੱਟ ਪਾਉਂਦੇ। ਧਨ ਅਤੇ ਇਜ਼ਤ ਦੋਹਾਂ ਦੀ। ਹੌਲੇ ਹੌਲੇ ਡਾਕੂਆਂ ਦੀ ਇਸ ਵਾਹਰ ਵਿਚ ਬਰਕਤ ਪੈਂਦੀ ਗਈ। ਇਹਨਾਂ ਆਪਣਾ ਇਕ ਪਿੰਡ ਵਸਾਂ ਲਿਆ।... ਬਸ ਫੇਰ ਕਦੇ ਉਹ ਪਿੰਡ ਲੁੱਟ ਕੇ ਕਬਜੇ 'ਚ ਲੈ ਲਿਆ। ਕਦੇ ਉਹ। ਕਦੇ...। ਤੇ ਹੁਣ ਇਹ ਇਕ ਰਿਆਸਤ ਸੀ।

ਹੁਣ ਬਾਦਸ਼ਾਹ ਕਈ ਚਿਰ ਤੋਂ ਸੋਚ ਰਿਹਾ ਸੀ ਕਿ ਇਸ ਰਿਆਸਤ ਦਾ ਇਕ ਝੰਡਾ ਨਿਯੁਕਤ ਕੀਤਾ ਜਾਵੇ। ਹਰ ਦੇਸ਼ ਦਾ ਆਪਣਾ ਝੰਡਾ ਸੀ। ਹਰ ਰਿਆਸਤ ਦਾ...। ਤੇ ਫੇਰ ਏਸ ਰਿਆਸਤ ਦਾ ਵੀ ਤਾਂ ਹੋਣਾ ਚਾਹੀਦਾ ਸੀ। ਬਾਦਸ਼ਾਹ ਸੋਚਦਾ...ਤੇ ਗੱਲ ਏਥੇ ਆ ਰੁਕਦੀ ਕਿ ਝੰਡਾ ਜੇ ਇਕ ਰੰਗ ਦਾ ਹੋਵੇ ਤਾਂ ਉਹ ਰੰਗ ਕਿਹੜਾ ਹੋਵੇ ? ਜੇ ਝੰਡਾ ਬਹੁਤੇ ਰੰਗਾਂ ਦਾ ਹੋਵੇ ਤਾਂ ਉਹ ਰੰਗ ਕਿਹੜੇ ਹੋਵਣ ?

ਇਕ ਦਿਨ ਇਹ ਵਿਚਾਰ ਬਾਦਸ਼ਾਹ ਨੇ ਸ਼ਾਹੀ ਦਰਬਾਰ ਵਿਚ ਰੱਖੀ। ਸਭ ਸੋਚਦੇ ਰਹੇ।

'ਤੇਰਾ ਖਿਆਲ ?' ਇਕ ਵਿਦਵਾਨ ਨੂੰ ਪੁੱਛ ਹੋਈ।

'ਬਾਦਸ਼ਾਹ ਸਲਾਮਤ, ਕਿਸੇ ਉਸ ਆਦਮੀ ਨੂੰ ਇਹ ਕੰਮ ਸੌਂਪੇ, ਜਿਹੜਾ ਰੰਗਾਂ ਦੇ ਮਨੋਵਿਗਿਆਨਕ ਪ੍ਰਭਾਵਾਂ ਨੂੰ ਸਮਝਦਾ ਹੋਵੇ।'

...ਫੇਰ ਇਸ ਮਕਸਦ ਲਈ ਨਾਲ ਦੀ ਰਿਆਸਤ 'ਚੋਂ ਇਕ ਕਵੀ ਫ਼ਿਲਾਸਫ਼ਰ ਸੱਦਿਆ ਗਿਆ। ਜਿਸ ਨੂੰ ਥੋੜਾ ਹੀ ਚਿਰ ਹੋਇਆ ਸੀ ਰਿਹਾਅ ਹੋਏ ਨੂੰ। ਕਹਿੰਦੇ ਇਸ ਨੂੰ ਇਕ ਇਨਕਲਾਬੀ ਕਵਿਤਾ ਬੋਲਣ ਦੇ 'ਦੋਸ' ਵਿਚ ਪਹਿਲੇ ਬਾਦਸ਼ਾਹ ਨੇ ਕੈਦ ਕਰ ਰਖਿਆ ਸੀ। ਉਸ ਬਾਦਸ਼ਾਹ ਦੀ ਮੌਤ ਪਿਛੋਂ ਆਉਣ ਵਾਲੇ ਦੂਸਰੇ ਬਾਦਸ਼ਾਹ ਨੇ ਇਸ ਨੂੰ ਰਿਹਾਅ ਕਰ ਦਿੱਤਾ ਸੀ।...

... ... ...

'ਬਾਦਸ਼ਾਹ, ਰੰਗ ਕੁਝ ਗੱਲਾਂ ਦੇ ਪ੍ਰਤੀਕ ਹੁੰਦੇ ਹਨ।' ਕਵੀ ਫ਼ਿਲਾਸਫ਼ਰ ਨੇ ਕਿਹਾ।

'ਫੇਰ ?' ਬਾਦਸ਼ਾਹ ਪੁੱਛਿਆ।

ਮੈਂ ਕੁਝ ਦੇਖਣਾ ਚਾਖਣਾ ਹੈ। ਏਸ ਲਈ ਕੁਝ ਚਿਰ ਏਸ ਰਿਆਸਤ 'ਚ ਠਹਿਰਾਂਗਾ। ਤੁਸੀਂ ਜਿਧਰ ਜਾਵੋਗੇ ਨਾਲ ਜਾਵਾਂਗਾ।'

'ਆਗਿਆ ਹੈ।'

... ... ...

ਬਾਦਸ਼ਾਹ ਘੋੜ-ਸਵਾਰ ਹੋ ਨਿਕਲਿਆ। ਪੰਝੀ ਤੀਹ ਹੋਰ ਘੋੜ-ਸਵਾਰ ਨਾਲ ਸਨ। ਇਕ ਘੋੜੇ ਤੇ ਕਵੀ ਫ਼ਿਲਾਸਫ਼ਰ ਸੀ। ...ਕਵੀ ਫ਼ਿਲਾਸਫ਼ਰ ਵਾਸਤੇ ਇਹ ਗੱਲ ਬੜੀ ਹੈਰਾਨੀ ਦੀ ਸੀ ਕਿ 'ਉਹ ਘੋੜ-ਸਵਾਰ' ਬਾਦਸ਼ਾਹ ਦੇ ਬਿਲਕੁਲ ਨੇੜੇ ਪਰ ਪਿਛੇ ਰਹਿੰਦਾ ਜਿਸ ਕੋਲ ਘੋੜੇ ਉਤੇ ਅਣਸੀਤੇ ਸਫ਼ੇਦ ਕਪੜਿਆਂ ਦੀ ਪੰਡ ਸੀ। ਇਹ ਪੰਡ ਕਿਉਂ ਸੀ, ਇਹ ਵੀ ਉਸ ਲਈ ਇਕ ਅਜੀਬ ਗੱਲ ਸੀ।

ਸ਼ਾਹ-ਸਵਾਰ ਦੁਗੜ ਦਗੜ ਕਰਦੇ ਫਿਰਦੇ ਰਹੇ। ਕਵੀ ਫ਼ਿਲਾਸਫ਼ਰ ਖੁਸ਼ ਸੀ। ਜੋ ਉਸ ਦੇਖਿਆ, ਉਹ ਖੁਸ਼ੀ ਦਾ ਹੀ ਸੋਮਾ ਸੀ। ਚਾਰੇ ਪਾਸੇ ਹਰੇ ਖੇਤ। ਹਰੇ ਭਰੇ ਬਾਗ਼। ...ਤੇ ਖਾਮੋਸ਼ ਮਿਹਨਤ ਵਿਚ ਜੁੱਟੇ ਲੋਕ। ...ਤੇ ਹਾਂ, ਜਿਥੇ ਉਹ ਖੁਸ਼ ਹੋਇਆ ਉਥੇ ਹੈਰਾਨ ਵੀ। ਹੈਰਾਨੀ ਦੀ ਗੱਲ ਸੀ—ਕਿ ਲੋਕ ਖਾਮੋਸ਼ ਕਿਉਂ ਸਨ ? ਗਾ ਕਿਉਂ ਨਹੀਂ ਸਨ ਰਹੇ ਕੋਇਲ ਦੀ ਤਰ੍ਹਾਂ—ਮਧੁਰ ਗੀਤ। ਤੇ ਪਾ ਕਿਉਂ ਨਹੀਂ ਸਨ ਰਹੇ ਪੈਲ-ਮੋਰ ਦੀ ਤਰ੍ਹਾਂ।

...ਉਂਜ ਕਵੀ ਫ਼ਿਲਾਸਫ਼ਰ ਦੀ ਇਹ ਹੈਰਾਨੀ ਬਹੁਤਾ ਚਿਰ ਨਾ ਰਹੀ। ਇਕ ਕਿਸਾਨ ਉਸ ਦੇਖ ਹੀ ਲਿਆ ਜੋ ਪਾ ਰਿਹਾ ਸੀ ਪੈਲ-ਮੋਰ ਦੀ ਤਰ੍ਹਾਂ ਹਰੇ ਭਰੇ ਖੇਤ ਦੇ ਕਿਨਾਰੇ ਵਾਹੀ ਹੋਈ ਪੈਲੀ ਵਿਚ।

'ਔਹ ਦੇਖੋ !' ਫ਼ਿਲਾਸਫ਼ਰ ਖੁਸ਼ੀ 'ਚ ਬੋਲਿਆ।

'ਕੀ ?'

'ਐ-ਨਾਰ !'

ਸਭ ਤੋਂ ਪਹਿਲੇ, ਬਾਦਸ਼ਾਹ ਦਾ ਦਗੜ-ਦਗੜ ਕਰਦਾ ਤੇਜ਼ ਰਫ਼ਤਾਰ ਘੋੜਾ ਪੈਲ ਪਾਉਂਦੇ ਮਿਹਨਤੀ ਕੋਲ ਜਾ ਖਲੋਤਾ। ਬਾਦਸ਼ਾਹ ਦੇ ਡੇਲੇ ਵੇਖ ਕੇ...ਉਸ ਨੂੰ ਮੌਤ ਯਾਦ ਆਈ। ਡਰ ਨਾਲ ਉਹ ਲੜ-ਖੜਾਉਣ ਲੱਗਾ। ਬਾਦਸ਼ਾਹ ਨੇ ਘੋੜੇ ਦੀ ਵਾਗ ਨੂੰ ਕੱਸ ਲਿਆ ਤੇ ਉਸ ਦੁਆਲੇ ਘੋੜੇ ਦੇ ਚੱਕਰ ਘੜਾਉਣ ਲੱਗ ਪਿਆ।

'ਕੌਣ ਏਂ ?'

'ਮੈਂ ਹਾਂ ਮਿਹਨਤ-ਰਾਣੀ। ਤੇ ਕਰ ਰਹੀ ਹਾਂ ਨਾਚ।'

'ਕਿਸ ਖ਼ੁਸ਼ੀ 'ਚ ?'

'ਆਪਣੇ ਲਹਿ ਲਹਿ ਕਰਦੇ ਖੇਤ ਤੱਕ ਕੇ।'

'ਇਕ ਵਾਰ ਫੇਰ ਕਹਿ।'

'ਆਪਣੇ...'

'ਠੱਹ' ਕਰਦੀ ਬੰਦੂਕ ਦੀ ਗੋਲੀ ਉਸ ਦੀ ਛਾਤੀਉਂ ਪਾਰ ਹੋ ਗਈ। ਉਸ ਦੀ ਲਾਸ਼ ਵਾਹਣ 'ਵਿਚ ਦੋ ਪਲ ਤੜਫੀ...ਦੋ ਚਾਰ ਸਿਆੜਾਂ ਨੂੰ ਪੂਰ ਕੇ ਬੱਸ ਹੋ ਗਈ।

ਖ਼ੂਨ ਏਨਾ ਥੋੜਾ ਨਹੀਂ ਸੀ ਕਿ ਲਾਸ਼ ਦੇ ਨੇੜੇ ਨੇੜੇ ਮਿੱਟੀ ਵਿਚ ਜੀਰ ਜਾਂਦਾ। ...ਖ਼ੂਨ ਇਕ ਦੋ ਸਿਆੜਾਂ ਵਿਚ ਤੁਰਨ ਲੱਗਾ। ਜਿਵੇਂ ਪੈਲੀ ਭਰਨ ਵੇਲੇ ਪਾਣੀ ਸਿਆੜਾਂ ਵਿਚ੍ਹ ਤੁਰਦਾ ਹੈ। ...ਸਿਆੜਾਂ ਵਿਚ ਤੁਰਦੇ ਖ਼ੂਨ ਨੂੰ ਕਵੀ ਫ਼ਿਲਾਸਫ਼ਰ ਚੁੱਪ ਖੜਾ ਦੇਖਦਾ ਰਿਹਾ। ...ਫੇਰ ਉਹ ਲਾਸ਼ ਸਰਾਹਣੇ ਬੈਠਾ। ਛਾਤੀ 'ਚੋਂ ਲਹੂ ਪਾਣੀ ਦੇ ਝਰਨੇ ਵਾਂਗ ਫੁੱਟ ਰਿਹਾ ਸੀ। ਉਸ ਦੇਖਿਆ— ਖ਼ੂਨ ਦਾ ਰੰਗ ਗਾਹੜਾ ਲਾਲ ਵੀ ਸੀ ਤੇ ਵਿਚ ਵਿਚ ਕੇਸਰੀ ਧਾਰੀਆਂ ਜਿਹੀਆਂ ਵੀ ਸਨ।

...ਫੇਰ ਕਵੀ ਫ਼ਿਲਾਸਫ਼ਰ ਉਠਿਆ—ਚੁਫੇਰੇ ਦੇਖਿਆ। ਜਿਵੇਂ ਸਾਰੀ ਪੈਲੀ 'ਚ ਖ਼ੂਨ ਹੀ ਖ਼ੂਨ ਹੋਵੇ। ਪੈਲੀ ਤੋਂ ਪਰ੍ਹੇ—ਦੂਸਰੀ ਪੈਲੀ ਵਿਚ ਵੀ। ਪਰੇ...ਤੇ ਜਿਵੇਂ ਸਾਰੀ ਰਿਆਸਤ ਦੀ ਧਰਤੀ ਵਿਚ ਹੀ।

ਫੇਰ ਉਸ ਲਾਸ਼ ਵੱਲ ਦੇਖਿਆ। ਲਾਸ਼ ਨੂੰ ਸਫ਼ੇਦ ਕਪੜੇ ਨਾਲ ਢੱਕ ਦਿੱਤਾ ਗਿਆ ਸੀ। ਉਹ ਸਫ਼ੇਦ ਕਪੜੇ ਹੇਠ ਢੱਕੀ ਲਾਸ਼ ਦੇ ਆਕਾਰ ਵੱਲ ਦੇਖਦਾ ਰਿਹਾ। ਫੇਰ ਉਸ ਚੁਫੇਰੇ ਦੇਖਿਆ। ਜਿਵੇਂ ਹਰ ਪੈਲੀ ਵਿਚ ਸਫ਼ੇਦ ਕਪੜੇ ਹੇਠ ਲਾਸ਼ਾਂ ਢੱਕੀਆਂ ਹੁੰਦੀਆਂ ਹੋਣ...

... ... ...

ਝੰਡਾ ਬਹੁਤ ਉੱਚਾ ਹਵਾ ਵਿਚ ਲਹਿਰਾ ਦਿੱਤਾ ਗਿਆ। ਝੰਡੇ ਹੇਠ ਭੀੜ ਸੀ। ਹੁਣੇ ਬਾਦਸ਼ਾਹ ਨੇ ਕਵੀ ਫ਼ਿਲਾਸਫ਼ਰ ਕੋਲੋਂ ਝੰਡੇ ਵਿਚਲੇ ਰੰਗਾਂ ਦੇ ਅਰਥ ਪੁੱਛ ਕੇ ਲੋਕਾਂ ਨੂੰ ਦੱਸਣ ਦੀ ਰਸਮ ਕਰਨੀ ਸੀ। ਤੇ ਫੇਰ...

ਕਵੀ ਫ਼ਿਲਾਸਫ਼ਰ ਨੇ ਕਿਸੇ ਮਨ-ਪਸੰਦ ਆਦਮੀ ਨੂੰ ਭੀੜ ਤੋਂ ਦੂਰ ਖੜਕੇ 'ਕਹਾਣੀ' ਦੱਸ ਦਿਤੀ। ਤੇ ਉਸ ਦੂਸਰੇ ਆਦਮੀ ਨੇ ਕਵੀ ਫ਼ਿਲਾਸਫ਼ਰ ਨੂੰ ਪੁੱਛਿਆ :

'ਪਹਿਲੇ ਰੰਗ ਨੂੰ ਤੂੰ ਕਿਵੇਂ ਚੁਣਿਆ ?'

'ਹਰੇ ਖੇਤ ਨੂੰ ਦੇਖਕੇ।'

'ਦੂਸਰੇ ਨੂੰ ?'

'ਦੂਸਰਾ, ਮਿਹਨਤ ਰਾਣੀ ਦੇ ਖ਼ੂਨ ਦਾ ਰੰਗ।'

'ਤੀਸਰਾ ਰੰਗ ?'

'ਤੀਸਰਾ' ਮਿਹਨਤੀ ਦੀ ਲਾਸ਼ ਉੱਤੇ ਖੱਫ਼ਣ ਦਾ...।'

ਦੂਸਰੇ ਆਦਮੀ ਨੂੰ ਉਥੇ ਖੜਾ ਛੱਡ ਕਵੀ ਫ਼ਿਲਾਸਫ਼ਰ ਬਾਦਸ਼ਾਹ ਕੋਲ ਚਲਾ ਗਿਆ।

...ਬੰਦੂਕ ਦਾ ਫਾਇਰ ਹੋਇਆ। ਲੋਕਾਂ ਦੇਖਿਆ— ਬਾਦਸ਼ਾਹ ਸਾਹਮਣੇ ਇਕ ਲਾਸ਼ ਢੇਰੀ ਹੋ ਚੁੱਕੀ ਸੀ। ਬਾਦਸ਼ਾਹ ਨੇ ਇਕ ਗੋਲੀ ਹੋਰ ਮਾਰ ਦਿੱਤੀ...ਤੇ ਇਕ ਹੋਰ। ਸਨਾਟਾ ਛਾ ਗਿਆ।

ਫੇਰ ਇਕ ਪਾਗਲ ਆਵਾਜ਼ ਸਨਾਟੇ ਦਾ ਸੀਨਾ ਚੀਰਨ ਲੱਗੀ—

'ਅਸੀਂ ਇਨ੍ਹਾਂ ਰੰਗਾਂ ਹੇਠ ਨਹੀਂ ਜੀਂਵਾਂਗੇ !'

'ਅਸੀਂ ਝੰਡਾ ਲੀਰ ਲੀਰ ਕਰਾਂਗੇ !!'

ਤੇ ਇਹ ਕਵੀ ਫ਼ਿਲਾਸਫ਼ਰ ਦੇ ਸਾਥੀ ਦੀਆਂ ਆਵਾਜ਼ਾਂ ਸਨ। ਜ਼ਿਸ ਨੂੰ ਹੁਣੇ ਉਹ ਸਭ ਕੁਝ ਦੱਸ—ਚਲਾ ਗਿਆ ਸੀ। ...ਥੋੜੇ ਚਿਰ ਬਅਦ ਉਸ ਦੀ ਲਾਸ਼ ਵੀ ਲਹੂ ਨਾਲ ਲੱਥ ਪੱਥ ਹੋ ਗਈ ਸੀ।

ਦੋਹਾਂ ਦੀ ਮੌਤ ਤੇ ਭੀੜ ਖਿੰਡ ਗਈ।

... ... ...

ਤੇ ਫੇਰ ਬਾਦਸ਼ਾਹ ਨੇ ਤਿੰਨ-ਰੰਗੇ ਝੰਡੇ ਵਿਚਕਾਰ ਇਕ ਚੱਕਰ ਦਾ ਨਿਸ਼ਾਨ ਪਾ ਦਿੱਤਾ। ਸਾਈਕਲ ਦੇ ਚੱਕੇ ਵਾਂਗ—ਜਿਸ ਵਿਚ ਚੱਵੀ ਤਾਰਾਂ ਸਨ। ...ਜਿਸ ਦਾ ਮਤਲਬ ਸੀ ਕਿ ਮੈਂ ਆਪਣੇ ਜੀਵਨ ਵਿਚ ਚੱਵੀ ਘੰਟੇ ਇਨ੍ਹਾਂ ਰੰਗਾਂ ਨੂੰ ਮੁੱਖ ਰੱਖਾਂਗਾ।

'ਇਹ ਚੱਕਰ ਕੀ ਦੱਸਦਾ ਹੈ ?'

'ਇਹ ਦੱਸਦਾ ਹੈ, ਕਿ ਇਹ 'ਚੱਕਰ' ਇਸੇ ਤਰ੍ਹਾਂ ਚਲਦਾ ਰਹੇਗਾ।'

'ਕਿਹੜਾ ਚੱਕਰ ?'

'...ਉਪਜ ਘਣੀ ਹੁੰਦੀ ਰਹੇਗੀ। ਉਪਜ ਦੇਣ ਵਾਲਿਆਂ ਦਾ ਖ਼ੂਨ। ਤੇ ਪੈਂਦੇ ਰਹਿਣਗੇ ਖੱਫ਼ਣ ਉਨ੍ਹਾਂ ਦੀਆਂ ਲਾਸ਼ਾਂ 'ਤੇ। ਉਹ ਨਹੀਂ ਜੀਣਗੇ ! ਨਹੀਂ ਜੀਣਗੇ !!'

ਇਕੱਲੇ ਬੈਠੇ ਬਾਦਸ਼ਾਹ ਨੂੰ ਕਦੇ ਇਉਂ ਪ੍ਰਤੀਤ ਹੁੰਦਾ ਜਿਵੇਂ ਇਹ ਉਪ੍ਰੋਕਤ ਵਾਰਤਾਲਾਪ ਕੋਈ ਉਸ ਦੇ ਕਰੀਬ ਕਰ ਰਹੇ ਹੋਣ। ਕਵੀ ਫ਼ਿਲਾਸਫ਼ਰ ਮਰਦੇ ਵਕਤ ਕਹਿ ਗਿਆ ਸੀ ਕਿ ਰੂਹ ਕਦੇ ਨਹੀਂ ਮਰਦੀ। ਮੇਰੀ ਰੂਹ ਤੇਰੀ ਰਿਆਸਤ 'ਚ ਜ਼ਿੰਦਾ ਹੈ। ਤੇ ਫਿਰ ਬਾਦਸ਼ਾਹ ਨੂੰ ਜਾਪਦਾ ਜਿਵੇਂ ਰੂਹ ਨਾਹਰਾ ਮਾਰ ਰਹੀ ਹੋਵੇ :

'ਇਨ੍ਹਾਂ ਰੰਗਾਂ ਹੇਠ ਨਹੀਂ ਜੀਵਾਂਗੇ !'

'ਨਹੀਂ ਜੀਵਾਂਗੇ !!'

...ਤੇ ਬਾਦਸ਼ਾਹ ਮੋਢੇ ਬੰਦੂਕ ਧਰ ਘੋੜ-ਸਵਾਰ ਹੁੰਦਾ। ਇਕ ਹੱਥ ਵਾਗ ਹੁੰਦੀ। ਦੂਸਰਾ ਹੱਥ ਛਾਤੀ ਤੇ ਸਜੇ ਕਾਰਤੂਸਾਂ 'ਤੇ। ਅਤੇ ਵਾਹਰ ਸਮੇਤ ਫਸਲਾਂ ਨੂੰ ਉਜਾੜਦਾ ਹੋਇਆ ਰਿਆਸਤ ਵਿਚ ਦੂਰ ਨਿਕਲ ਜਾਂਦਾ ...ਦੂਰ।

# ਰੋਜ਼ੀ ਦਾ ਕਤਲ

ਕਸ਼ਮੀਰ ਸਿੰਘ ਪੰਨੂ

ਮੈਂ ਉਰਦੂ ਵਿਚ ਲਿਖੀ ਹੋਈ ਚਿੱਠੀ ਸਾਂ । ਹੱਡ-ਬੀਤੀ ਦੇ ਦੁਖੜੇ ਤੁਹਾਡੇ ਨਾਲ ਸਾਂਝੇ ਕਰਨ ਲਗੀ ਹਾਂ। ਹੁਣ ਜਦ ਮੇਰੇ ਟੁਕੜੇ ਟੁਕੜੇ ਹੋਏ ਪਏ ਹਨ, ਮੇਰੇ ਵਿਚ ਥੋੜਾ ਕੁ ਸਾਹ-ਸਤ ਹੈ । ਕੀ ਪਤਾ ਕਿਸ ਵਕਤ ਰੱਦੀ ਲੈਣ ਵਾਲਾ ਟਰੱਕ ਆਵੇ ਤੇ ਮੈਂ ਅਗਲੀ ਮੰਜ਼ਲ ਤੇ ਤੁਰ ਪਵਾਂ — ਸੋਚਿਆ ਦੋ ਗੱਲਾਂ ਕਰ ਕੇ ਦਿਲ ਦੀ ਭੜਾਸ ਹੀ ਕੱਢ ਲਵਾਂ...।

ਉਹ ਦਿਨ ਕਿੰਨਾ ਚੰਗਾ ਸੀ ਜਿਸ ਦਿਨ ਮੈਂ ਸਫ਼ਰ ਸ਼ੁਰੂ ਕੀਤਾ ਸੀ । ਇਕ ਬਿਰਧ ਬਜ਼ੁਰਗ ਨੇ ਆਪਣੀ ਆਤਮਾਂ ਦੀ ਪ੍ਰਤੀਕਿਰਿਆ ਲਿਖ ਮੈਨੂੰ ਬੜੇ ਪਿਆਰ ਨਾਲ ਡਾਕ ਖ਼ਾਨੇ ਵਿਚ ਪਾ ਦਿਤਾ ਸੀ । ਸ਼ੁਕਰ ਹੈ ਮੈਂ ਠੀਕ ਜਗ੍ਹਾ ਪੁਜ ਗਈ ਹਾਂ — ਡਰ ਸੀ ਮਤੇ ਕੋਈ ਬਾਲਣ ਦੇ ਹੱਥੋਂ ਤੰਗ ਆਇਆ ਡਾਕੀਆ ਮੇਰੇ ਹੱਡਾਂ ਨੂੰ ਬਾਲ ਆਪਣਾ ਪੇਟ ਫੂਕਣ ਲਈ ਚਾਹ ਹੀ ਨਾ ਬਣਾ ਲਵੇ ।

ਪਰ ਜੋ ਮੇਰਾ ਹਸ਼ਰ ਇਸ ਦਫ਼ਤਰ ਵਿਚ ਹੋਇਆ ਹੈ — ਇਸ ਨਾਲੋਂ ਤਾਂ ਚੰਗਾ ਸੀ ਕਿ ਕੋਈ ਡਾਕੀਆ ਹੀ ਮੈਨੂੰ ਅੱਗ ਦੇ ਹਵਾਲੇ ਕਰ ਦਿੰਦਾ — ਕਿਸੇ ਦੇ ਕੰਮ ਤਾਂ ਆਉਂਦੀ — ਏਨੇ ਤਸੀਹੇ ਸਹਿਣ ਨਾਲੋਂ ਚੰਗਾ ਸੀ ਕੋਈ ਜੰਮਦੀ ਦਾ ਗਲਾ ਘੁਟ ਦਿੰਦਾ ।

ਖ਼ੈਰ — ਮੈਂ ਛੋਟੀ ਜਿਹੀ ਚਿੱਠੀ — ਵੱਡੀ ਇਮਾਰਤ ਦੇ ਇਕ ਏਅਰ ਕੰਡੀਸ਼ਨ ਕਮਰੇ ਵਿਚ ਹੋਰ ਚਿੱਠੀਆਂ ਦੇ ਹੇਠ ਦੱਬੀ ਪਈ ਸਾਂ । ਕੋਈ ਮੰਤਰੀ ਦਾ ਨਿੱਜੀ ਆਦਮੀ ਸੀ । ਬਹੁਤ ਲੋਕਾਂ ਨੇ ਇਸ ਹਿਪੀ ਵਰਗੇ ਆਦਮੀ ਦੁਵਾਲੇ ਘੇਰਾ ਪਾਇਆ ਹੋਇਆ ਸੀ । ਸ਼ਾਇਦ ਮੇਰੇ ਵਾਂਗ ਇਨਸਾਫ਼ ਲੈਣ ਆਏ ਹੋਣ, ਪਰ ਉਹ ਆਪਣੀਆਂ ਚਿਤਰ-ਕਬਰੀਆਂ ਅੱਖਾਂ ਮਟਕਾ ਮਟਕਾ ਫੋਕੀ ਹਮਦਰਦੀ ਜਤਲਾ, ਲਾਰਾ ਲਾ ਕਿਸੇ ਸੋਹਣੀ ਜਿਹੀ ਤਰੀਮਤ ਨੂੰ ਫਿਰ ਆਉਣ ਲਈ ਕਹਿ, ਐਕਟਿੰਗ ਕਰ ਭੁਗਤਾਈ ਜਾ ਰਿਹਾ ਸੀ ।

ਵਿਹਲੇ ਹੋ ਇਕ ਸੁੱਖ ਦਾ ਸਾਹ ਉਸ ਛੱਡਿਆ । ਮੈਂ ਉਸ ਦੀ ਦਿਆ ਦ੍ਰਿਸ਼ਟੀ ਪੈਣ ਦੀ ਉਡੀਕ ਵਿਚ ਬਹਿਬਲ ਸਾਂ । ਉਹ ਬੁੜ-ਬੁੜਾਇਆ...ਦਸੋ ਜਦੋਂ ਸਾਡੀ ਰਾਜ ਭਾਸ਼ਾ...ਹੈ ਫਿਰ ਇਹ ਲੋਕ ਉਰਦੂ ਵਿਚ ਖ਼ਾਹਮਖ਼ਾਹ ਕਿਉਂ ਚਿੱਠੀਆਂ ਲਿਖ ਦਿੰਦੇ ਹਨ ? ਇਸ ਤੋਂ ਬਾਅਦ ਉਸ ਮੈਨੂੰ ਇਕ ਟਰੇਅ ਵਿਚ ਸੁਟ ਦਿਤਾ । ਸ਼ਾਮ ਦੇ ਵਕਤ ਇਕ ਬਜ਼ੁਰਗ ਦੇ ਸਾਹਮਣੇ ਪੇਸ਼ ਕੀਤਾ ਗਿਆ । ਉਸ ਬੜੇ ਠਰਮੇਂ ਨਾਲ ਐਨਕ ਲਗਾ ਪੜ੍ਹਿਆ, "ਬਈ ਇਹ ਅਰਜ਼ੀ ਫੌਜਾ ਸਿੰਘ ਵਲਦ ਘੁਮੰਡਾ ਸਿੰਘ ਪਿੰਡ...ਵਲੋਂ ਆਈ ਹੈ...ਵਿਸ਼ਾ ਹੈ...ਰੋਜ਼ੀ ਦਾ ਕਤਲ..." ਉਹ ਅੱਗੇ ਪੜ੍ਹਨ ਹੀ ਲੱਗਾ ਸੀ ਕਿ ਮੰਤਰੀ ਦੇ ਆਦਮੀ ਨੇ ਕਿਹਾ, "ਬੱਸ ਸਰ ਗਿਆ — ਇੱਥੇ ਹਰ ਰੋਜ਼ ਕਤਲਾਂ ਦੀਆਂ ਹੀ ਚਿੱਠੀਆਂ ਆਉਂਦੀਆਂ ਹਨ ।"

ਟਾਈਪ ਦੇ ਸਕੰਜ਼ੇ ਵਿਚ ਚਾੜ੍ਹ ਮੇਰੇ ਸਰੀਰ ਤੇ ਕਾਲੇ ਅੱਖਰ ਟਾਈਪ ਕਰ ਦਿਤੇ ਗਏ ।" ਮੰਤਰੀ ਜੀ ਚਾਹੁੰਦੇ ਹਨ ਰੋਜ਼ੀ ਦੇ ਕਾਤਲਾਂ ਦਾ ੧੦ ਦਿਨਾਂ ਦੇ ਅੰਦਰ ਅੰਦਰ ਪਤਾ ਕਰ ਕੇ ਵਿਸਥਾਰ ਪੂਰਵਕ ਰਿਪੋਟ ਭੇਜੀ ਜਾਵੇ ।"

ਮੰਤਰੀ ਜੀ ਨੇ ਮੇਰੇ ਵਲ ਵੇਖੇ ਬਿਨਾਂ ਹੀ ਜਿਥੇ ਉਸ ਆਦਮੀ ਨੇ ਪੋਟਾ ਧਰਿਆ, ਦਸਖ਼ਤ ਝਰੀਟ ਦਿਤੇ । ਮੰਤਰੀ ਦੇ ਹੇਠਲੇ ਅਫ਼ਸਰ ਨੇ ਮੰਤਰੀ ਦਾ ਹੁਕਮ ਪੜ੍ਹ ਸਟੈਨੋ ਨੂੰ ਬੁਲਾ ਡਿਕਟੇਸ਼ਨ ਦੇ ਦਿਤੀ, "ਮੰਤਰੀ ਜੀ ਦਾ ਹੁਕਮ ਹੈ ਕਿ ੧੦ ਦਿਨਾਂ ਦੇ ਅੰਦਰ ਅੰਦਰ ਇਸ ਮਾਮਲੇ ਦੀ ਛਾਣ-ਬੀਣ ਕਰਕੇ ਰਿਪੋਟ ਭੇਜੀ ਜਾਵੇ — ਇਸ ਲਈ ਤੁਹਾਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਿਨਾਂ ਕਿਸੇ ਦੇਰੀ ਦੇ ਕਾਰਵਾਈ ਮੁਕੰਮਲ ਕਰ ਕੇ ਪੂਰੀ ਸਖ਼ਤੀ ਨਾਲ ਹੁਕਮਾਂ ਦੀ ਪਾਲਣਾ ਕਰਨ ਉਪਰੰਤ ਪ੍ਰਾਰਥੀ ਦੀ ਦੀ ਸੰਤੁਸ਼ਟੀ ਕਰ ਕੇ ਸਰਕਾਰ ਦੀ ਜਾਣਕਾਰੀ ਲਈ ਲਿਖਿਆ ਜਾਵੇ । ਪ੍ਰਾਰਥੀ ਵਲੋਂ ਚਿੱਠੀ ਮੂਲ ਰੂਪ ਵਿਚ ਨੱਥੀ ਹੈ (ਵਾਪਸੀ ਦੀ ਬੇਨਤੀ) ।"

ਥਾਣੇਦਾਰ ਨੇ ਜਦ ਆਪਣੇ ਅਫ਼ਸਰ ਦੀ ਹਦਾਇਤ ਪੜ੍ਹੀ ਤਾਂ ਉਹ ਕੜਕਿਆ, "ਚਲੋ ਸਿਪਾਹੀਓ — ਇਸ ਚਿੱਠੀ ਦਾ ਵੀ ਕਜ਼ੀਆ ਕਰ ਆਈਏ — ਮੁਨਸ਼ੀ ਜ਼ਰਾ ਵੇਖ ਖਾਂ ਕੋਈ ਰੋਜ਼ੀ ਦਾ ਕਤਲ ਹੋਇਆ, ਕਿਸੇ ਨੇ ਰਪਟ ਵੀ ਰੋਜ਼ਨਾਮਚੇ 'ਚ ਦਰਜ਼ ਕਰਾਈ ਕਿ ਨਹੀਂ — ਆਈ ਖਾਂ ਭਾਈਆ ਰੁਲਦੂ, ਤੂੰ ਉਰਦੂ ਪੜ੍ਹਿਆ ਹੋਇਆਂ ਏਂ — ਵੇਖ ਕਿਸ ਪਿੰਡ ਦੀ ਦਰਖ਼ਾਸਤ ਹੈ —"

"ਜੀ ਫ਼ੌਜਾ ਸਿੰਘ ਵਲਦ ਘੁਮੰਡਾ ਸਿੰਘ ਪਿੰਡ..."

"ਨਹੀਂ ਸਰਕਾਰ, ਪਿਛਲੇ ਹਫ਼ਤੇ ਹੋਰ ਤਾਂ ਬਥੇਰੇ ਕਤਲ ਹੋਏ ਹਨ, ਪਰ ਇਸ ਨਾਂ ਦੇ ਆਦਮੀ ਵਲੋਂ ਕੋਈ ਰੀਪੋਟ ਦਰਜ਼ ਨਹੀਂ ਕਰਵਾਈ ਗਈ", ਮੁਨਸ਼ੀ ਨੇ ਐਨਕਾਂ ਦੀ ਉਪਰ ਦੀ ਝਾਕਦੇ ਹੋਏ ਕਿਹਾ।

"ਕੋਈ ਨਹੀਂ ਹੁਣੇ ਪਤਾ ਕਰਦੇ ਹਾਂ ਜਾ ਕੇ — ਇਹ ਲੋਕ ਵੀ ਸਿਧੀਆਂ ਹੀ ਮੰਤਰੀਆਂ ਨੂੰ ਚਿੱਠੀਆਂ ਲਿਖ ਦਿੰਦੇ ਹਨ — ਭੜਵੂਏ ਇਹ ਨਹੀਂ ਜਾਣਦੇ ਕਿ ਪਾਣੀ ਤਾਂ ਪੁਲਾਂ ਹੇਠੋਂ ਦੀ ਹੀ ਲੰਘਣਾ ਹੈ।"

ਥਾਣੇਦਾਰ ਨੇ ਪੂਰੀ ਗਾਰਦ ਸਮੇਤ ਫ਼ੌਜਾ ਸਿੰਘ ਵਲਦ ਘੁਮੰਡਾ ਸਿੰਘ ਦਾ ਜਾ ਦਰਵਾਜ਼ਾ ਖਟਕਾਇਆ। "ਕਿਸ ਦਾ ਕਤਲ ਹੋਇਆ —" ਉਹ ਪੁਲਿਸ ਨੂੰ ਵੇਖ ਘਬਰਾ ਗਿਆ — ਕਿ ਇਹ ਕਿਥੋਂ ਬਲਾਵਾਂ ਆਣ ਪਈਆਂ।

"ਤੂੰ ਥਾਣੇ ਰਪਟ ਦਰਜ਼ ਕਿਉਂ ਨਹੀਂ ਕਰਵਾਈ — ਤੈਨੂੰ ਕਿਸ ਤੇ ਸ਼ੱਕ ਹੈ, ਇਹ ਰੋਜ਼ੀ ਕੌਣ ਹੈ — ਤੇਰੀ ਕੀ ਲਗਦੀ ਸੀ — ਤੁਸੀਂ ਮੰਤਰੀਆਂ ਨੂੰ ਕਿਉਂ ਸਿਧੀਆਂ ਚਿਠੀਆਂ ਲਿਖ ਤੰਗ ਕਰਦੇ ਹੋ — ਅਸੀਂ ਜੋ ਤੁਹਾਡੀ ਸੇਵਾ ਕਰਨ ਲਈ ਹਾਜ਼ਰ ਹਾਂ।" ਉਸ ਨਰਮ ਹੁੰਦੇ ਹੋਏ ਵੀ ਡੰਡਾ ਕੰਧ ਤੇ ਮਾਰਿਆ ਜਿਸ ਨਾਲ ਇਕ ਖੜੇਪੜ ਲੱਥ ਹੇਠ ਡਿੱਗ ਪਿਆ।

ਬਜ਼ੁਰਗ ਨੇ ਚਾਹ ਪਾਣੀ ਛਕਾ ਸਾਰੀ ਗੱਲ ਦੱਸੀ ਤਾਂ ਥਾਣੇਦਾਰ ਦਾ ਮੂੰਹ ਲਟਕ ਗਿਆ। ਸਿਪਾਹੀ ਉਂਝ ਕਿਰਝ ਰਹੇ ਮਨ ਕਿ ਮੁਰਗ਼ੀ ਫਸਦੇ ਫਸਦੇ ਮੱਛੀ ਵਾਂਗ ਤਿਲਕ ਗਈ ਹੈ। ਉਹ ਸੁੱਕੇ ਬੁਲਾਂ ਤੇ ਜ਼ਬਾਨ ਫੇਰਦੇ ਵਾਪਸ ਪਰਤ ਆਏ।

ਥਾਣੇਦਾਰ ਨੇ ਢਿਲੇ ਜਿਹੇ ਮੂੰਹ ਨਾਲ ਰੀਪੋਟ ਉਚ-ਅਧਿਕਾਰੀਆਂ ਨੂੰ ਭੇਜ ਦਿਤੀ। ਮੈਂ ਫਿਰ ਉਸੇ ਗੇੜ ਵਿਚ ਪੈ ਜਿਥੋਂ ਤੁਰੀ ਸਾਂ ਮੁੜ ਉਸੇ ਮੰਤਰੀ ਦੇ ਨਿੱਜੀ ਆਦਮੀ ਕੋਲ ਸਾਂ। ਉਸ ਦਾ ਤਾਂ ਮੇਰੇ ਵੱਲ ਵੇਖਦੇ ਹੀ ਰੰਗ ਪੀਲਾ ਫੂਕ ਹੋ ਗਿਆ। ਮੈਂ ਕਿੰਨੇ ਕਾਗ਼ਜ਼ਾਂ ਹੇਠ ਦੱਬੀ ਪਈ ਸਾਂ। ਪਤਾ ਨਹੀਂ ਕਿੰਨੇ ਅਫ਼ਸਰਾਂ/ਕਰਮਚਾਰੀਆਂ ਨੇ ਆਪਣੀ ਕਲਮ ਨਾਲ ਕਾਲੇ ਅਖ਼ਰ ਲਿਖੇ ਸਨ। ਏਨੇ ਕਾਗਜ਼ਾਂ ਹੇਠ ਪਈ ਦਾ ਮੇਰਾ ਸਾਹ ਵੀ ਘੁਟ ਰਿਹਾ ਸੀ।

ਉਸ ਆਪਣੇ ਸਹਿ-ਕਰਮਚਾਰੀ ਨੂੰ ਸੱਦਿਆ। ਉਹ ਬੁੜ-ਬੁੜਾਇਆ — ਮੇਰੀ ਕਾਹਦੀ ਲਗਦੀ ਹੈ— ਬਾਕੀ ਸਭ ਅੰਨ੍ਹੇ ਸਨ — ਕੀ ਅੱਖਾਂ ਤੇ ਪੱਟੀ ਬੱਧੀ ਪਈ ਸੀ — ਮੈਂ ਕੋਈ ਗ਼ਲਤੀ ਨਹੀਂ ਕੀਤੀ।

ਦੂਜਾ ਬੋਲਿਆ, "ਔਖਾ ਕਿਉਂ ਹੁੰਦਾ ਏਂ — ਹੁਣੇ ਰਾਹ ਲਭ ਲੈਂਦੇ ਹਾਂ।" ਉਸ ਸਾਰੀ ਨੋਟਿੰਗ ਪੜ੍ਹੀ ਤੇ ਫਿਰ ਕਹਿਣ ਲੱਗਾ, "ਹਾਂ ਇਕ ਰਸਤਾ ਹੈ — ਇਸ 'ਚੋਂ ਨਿਕਲਣ ਦਾ।"

"ਕੀ ?...ਜੇਕਰ ਵਜ਼ੀਰ ਸਾਹਿਬ ਕੋਲ ਫ਼ਾਈਲ ਚਲੀ ਗਈ ਤਾਂ...ਉਹ ਤਾਂ ਅੱਗੇ ਹੀ ਬੜੇ ਗਰਮ ਨੇ", ਹਿਪੀ ਟਾਈਪ ਆਦਮੀ ਨੇ ਆਪਣੇ ਸੀਨੀਅਰ ਅੱਗੇ ਗਿੜ-ਗਿੜਾ ਕੇ ਕਿਹਾ।

"ਇਸ ਨੂੰ ਦਰਿਆ ਬੁਰਦਾ ਕਰ ਦਈਏ।"

"ਕੀ ਮਤਲਬ", ਉਸ ਹੈਰਾਨੀ ਨਾਲ ਪੁਛਿਆ।

"ਮਤਲਬ ਸਾਫ਼ ਹੈ — ਛੁਟੀ ਕਰਨ ਤੋਂ ਪਹਿਲਾਂ ਇਸ ਨੂੰ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁਟ ਦਿਤਾ ਜਾਵੇ — ਨਾ ਹੋਏਗਾ ਬਾਂਸ ਨਾ ਬਜੇਗੀ ਬੰਸਰੀ.. ਅੱਜ ਹੋ ਜਾਵੇ ਫਿਰ ■ ਮੀ ਕੁਝ ?...ਕਵਾਲਟੀ ਵਿਚ ..ਤੈਨੂੰ ਸਸਪੈਂਡ ਹੋਣ ਤੋਂ ਬਚਾਇਆ ਹੈ।"

"ਕਿਸ ਵੇਲੇ।"

"ਬੱਸ ਇਸ ਫ਼ਾਈਲ ਦਾ ਕਿਰਿਆ ਕਰਮ ਕਰਨ ਤੋਂ ਬਾਅਦ।"

ਉਸ ਮੈਨੂੰ ਮੌਤ ਦੇ ਘਾਟ ਉਤਾਰਣ ਤੋਂ ਪਹਿਲਾਂ ਇਕ ਵਾਰ ਪੜ੍ਹਿਆ। ਸਾਰੇ ਛੁੱਟੀ ਕਰ ਗਏ ਸਨ। ਕਮਰੇ ਵਿਚ ਕੂਲਰ ਦੀ ਹੂੰ.. ਹੂੰ ਤੋਂ ਇਲਾਵਾ ਸਨਾਟਾ ਛਾਇਆ ਹੋਇਆ ਸੀ। ਇਕ ਨੇ ਪੜ੍ਹਨਾ ਸ਼ੁਰੂ ਕੀਤਾ, "ਇਹ ਅਰਜ਼ੀ ਫੌਜਾ ਸਿੰਘ ਵਲਦ ਘੁਮੰਡਾ ਸਿੰਘ ਨੇ ਮਿਤੀ ੯.੧੦.੭੨ ਨੂੰ ਦਿਤੀ ਸੀ। ਇਸ ਦੇ ਵਿਸ਼ੇ ਵਿਚ ਲਿਖਿਆ ਹੋਇਆ ਸੀ ਕਿ.. ਰੋਜ਼ੀ ਦਾ ਕਤਲ...ਇਸ ਕਰ ਕੇ ਮੰਤਰੀ ਜੀ ਨੇ ਪੂਰੀ ਹਮਦਰਦੀ ਭਰੀ ਗ਼ੌਰ ਕਰ ਕੇ ੧੦ ਦਿਨਾਂ ਦੇ ਅੰਦਰ ਅੰਦਰ ਰੀਪੋਟ ਮੰਗ ਭੇਜੀ। ਥਾਣੇਦਾਰ ਦੀ ਰੀਪੋਟ ਹੇਠ ਰਖੀ ਪਈ ਹੈ।

ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਰਾਜ ਭਾਸ਼ਾ ਐਕਟ ੯੬੧੯ ਦੇ ਅਧੀਨ ਰਾਜ ਦੀ ਭਾਸ਼ਾ..,ਘੋਸ਼ਿਤ ਕੀਤੀ ਜਾ ਚੁਕੀ ਹੈ। ਇਸ ਲਈ ਉਰਦੂ ਵਿਚ ਅਰਜ਼ੀ ਹੋਣ ਕਰ ਕੇ ਮੰਤਰੀ ਦੇ ਨਿੱਜੀ ਅਮਲੇ ਦੇ ਕਿਸੇ ਕਰਮਚਾਰੀ ਨੇ ਪੂਰੀ ਚਿੱਠੀ ਪੜ੍ਹਨ ਤੋਂ ਬਗ਼ੈਰ ਹੀ ਅਧੀਨ ਅਫ਼ਸਰਾਂ ਨੂੰ ਪੜਤਾਲ ਲਈ ਭੇਜ ਦਿਤੀ।

ਅਸਲ ਵਿਚ ਇਹ ਅਰਜ਼ੀ ਇਕ ਉਰਦੂ ਦੇ ਮਸ਼ਹੂਰ ਲੇਖਕ ਵਲੋਂ ਸੀ ਜਿਸ ਵਿਚ ਉਸ ਨੇ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਉਸ ਦੀ ਸਾਲਾਂ ਦੀ ਖ਼ੂਨ ਪਸੀਨੇ ਨਾਲ ਲਿਖੀਆਂ ਹੋਈਆਂ ਲਿਖਤਾਂ ਨੂੰ ਛਪਵਾ ਕੇ ਰੋਜ਼ੀ ਦਾ ਪ੍ਰਬੰਧ ਕੀਤਾ ਜਾਵੇ ਕਿਉਂਕਿ ਕੁਝ ਕਰਮਚਾਰੀ ਉਸ ਦੀ ਰੋਜ਼ੀ ਦਾ ਕਤਲ ਕਰਨ ਤੇ ਤੁਲੇ ਹੋਏ ਹਨ।

"ਇਨ੍ਹਾਂ ਹਾਲਤਾਂ ਨੂੰ ਮੁਖ ਰਖਦੇ ਹੋਏ ਇਹ ਕੇਸ...ਵਿਭਾਗ ਨਾਲ ਸੰਬੰਧਿਤ ਹੈ। ਉਨ੍ਹਾਂ ਨੂੰ ਭੇਜ ਦਿਤਾ ਜਾਵੇ। ਮੰਤਰੀ ਜੀ ਵੇਖਣ ਦੀ ਖੇਚਲ ਕਰਨ।"

ਅਗਲੇ ਦਿਨ ਜਮਾਦਾਰ ਨੇ ਮੈਨੂੰ ਰਦੀ ਦੀ ਟੋਕਰੀ 'ਚੋਂ ਕੱਢ ਵਡੇ ਸਾਰੇ ਢੇਰ ਵਿਚ ਲਿਆ ਸੁਟਿਆ।

# ਖ਼ੂਨ ਦਾ ਮੁੱਲ

ਗੁਰਮੇਲ ਮੜਾਹੜ

ਸ਼ਹਿਰ ਦੇ ਬਾਹਰ ਮੌਲਸਾਫ ਮੈਦਾਨਾਂ ਵਿਚ ਅੰਤ ਦੀ ਸਜਾਵਟ ਕੀਤੀ ਹੋਈ ਹੈ। ਦੇਸ਼ ਦੀ ਰਾਜਧਾਨੀ ਤੋਂ ਕੋਈ ਵੱਡਾ ਆਦਮੀ ਜੰਗ ਵਿਚ ਸ਼ਹੀਦ ਹੋਏ ਫੌਜੀਆਂ ਦੇ ਪ੍ਰੀਵਾਰਾਂ ਨੂੰ ਤਗਮੇ, ਮਸ਼ੀਨਾਂ ਤੇ ਹੋਰ ਨਕਦ ਇਨਾਮ ਦੇ ਰਿਹਾ ਹੈ। ਲੱਖਾਂ ਦੀ ਗਿਣਤੀ ਵਿਚ ਲੋਕ ਬੈਠੇ ਹਨ ਜਿਨਾਂ ਵਿਚ ਸਟੇਜ ਦੇ ਬਿਲਕੁਲ ਨਾਲ ਫੌਜੀਆ ਦੇ ਪ੍ਰੀਵਾਰਾਂ ਚੋਂ ਇਨਾਮ ਲੈਣ ਆਏ ਹੋਏ ਉਹਨਾਂ ਦੇ ਮੈਂਬਰ ਹਨ। ਸਟੇਜ ਸਕੱਤਰ ਇਨਾਮ ਪ੍ਰਾਪਤ ਕਰਨ ਵਾਲੇ ਦਾ ਨਾਂ ਪੁਕਾਰਦਾ ਹੈ ਤਾਂ ਸਟੇਜ ਕੋਲ ਬੈਠੇ ਆਦਮੀ ਤੀਵੀਆਂ ਚੋਂ ਇਕ ਤਗਮਾਂ ਜਾਂ ਹੋਏ ਇਨਾਮ ਲੈਣ ਲਈ ਸਟੇਜ ਤੇ ਚਲਾ ਜਾਂਦਾ ਹੈ। ਹੋਰ ਸਟੇਜ ਸਕੱਤਰ ਸ਼ਹੀਦ ਦੀ ਤਾਰੀਫ ਦੇ ਪੁਲ ਬੰਨਣ ਲਗ ਪੈਂਦਾ ਹੈ।

ਸਟੇਜ ਮੂਹਰੇ ਬੈਠੇ ਹੋਏ ਸ਼ਹੀਦਾਂ ਦੇ ਪ੍ਰੀਵਾਰਾਂ ਵਿਚ ਇਕ ਮੈਲੇ ਕੁਚੇਲੇ ਕਪੜਿਆਂ ਵਾਲੀ ਤੀਵੀਂ ਇਕਲੀ ਬੈਠੀ ਹੋਈ ਹੈ ਉਦਾਸ ਉਦਾਸ ਤੇ ਸੁਸਤ ਸੁਸਤ। ਅਜ ਉਸ ਨੂੰ ਉਸਦਾ ਇਕਲੌਤਾ ਪੁਤਰ ਰਹਿ ਰਹਿ ਕੇ ਯਾਦ ਆ ਰਿਹਾ ਹੈ। ਨਿਕਾ ਹੁੰਦਾ ਸੀ, ਉਹਦੇ ਢਿਡ ਤੇ ਕਿਵੇਂ ਲਿਟਦਾ ਰਹਿੰਦਾ ਸੀ। ਸਾਰਾ ਦਿਨ ਤੁਤਲਿਆਂ, ਤੁਤਲਿਆਂ ਗੱਲਾਂ ਕਰਿਆ ਕਰਦਾ ਸੀ। ਕਿੰਨਾ ਪਿਆਰਾ ਲਗਦਾ ਸੀ ਉਹ... ...ਤੇ ਫੇਰ ਜਦ ਉਸ ਨੂੰ ਸਕੂਲੇ ਪੜਨ ਬਠਾਇਆ ਗਿਆ ਤਾਂ ਉਹ ਸਕੂਲ ਜਾਣ ਲਗਿਆਂ ਅੜ ਜਾਂਦਾ ਸੀ ਤੇ ਕਹਿਣਾ ਹੁੰਦਾ ਸੀ। "ਮਾਂ ਤੂੰ ਮੇਰੀ ਜਮਾਤ ਦੇ ਕਮਰੇ ਮੂਹਰੇ ਬੈਠੀ ਰਿਹਾ ਕਰ ਤਾਂ ਪੜੂੰਗਾ, ਨਹੀਂ ਮੈਂ ਨਹੀਂ ਪੜ੍ਹਦਾ,"

"ਫੇਰ ਉਹ ਕਿਵੇਂ ਉਹਦੇ ਆਖੇ ਲਗ ਕੇ ਉਹਦੀ ਜਮਾਤ ਦੇ ਕਮਰੇ ਦੇ ਬੂਹੇ ਅਗੇ ਬੈਠੀ ਰਹਿੰਦੀ ਸੀ। ਲੋਕ ਉਸ ਨੂੰ ਕਹਿੰਦੇ ਸਨ "ਬੱਚੇ ਨੂੰ ਐਨਾ ਸਿਰ ਨਹੀਂ ਚੜ੍ਹਾਈਦਾ ਵੱਡਾ ਹੋ ਕੇ ਤੰਗ ਕਰਨ ਲਗ ਪੈਂਦਾ ਹੈ ਤੇ ਹੋਰ ਕਿਨਾ ਕੁਝ। ਪਰ ਉਸਨੇ ਕਦੇ ਕਿਸੇ ਦੇ ਕਹੇ ਦਾ ਬੁਰਾ ਨਹੀਂ ਸੀ ਮਨਾਇਆ। ਸਗੋਂ ਉਹ ਕਹਿੰਦੀ 'ਇਕ ਜਵਾਕ ਹੈ ਜੇ ਇਹਨੂੰ ਵੀ, ਸੁਆਰ ਕੇ ਲਾਡ ਨਾ ਲਡਾਇਆ ਤਾਂ ਕੀ ਫਾਇਦਾ।'

ਉਹ ਸਕੂਲੋਂ ਪੜਕੇ ਆਉਂਦਾ। ਉਹ ਉਸਨੂੰ ਦੁੱਧ ਦਾ ਛੰਨਾ ਲਾਹ ਦਿੰਦੀ। ਉਹ ਥੋੜਾ ਜਿਹਾ ਪੀਕੇ ਛੱਡ ਦਿੰਦਾ। ਉਹ ਉਸਨੂੰ ਘੂਰ ਕੇ ਡਰਾ ਕੇ ਬਚਦਾ ਦੁਧ ਵੀ ਪਿਆ ਦਿੰਦੀ ਕਿਉਂਕਿ ਉਹ ਸੋਚਦੀ ਹੁੰਦੀ ਸੀ 'ਕਦ ਮੇਰਾ ਪੁਤ ਜੁਆਨ ਹੋਵੇ... ਮੈਂ ਇਸ ਨੂੰ ਵਿਆਹਾਂ...ਪੋਤੇ ਪੋਤੀਆਂ ਹੋਣ...ਮੈਨੂੰ ਦਾਦੀ-ਦਾਦੀ ਕਹਿਣ...

ਤੇ ਫੇਰ ਉਹ ਜੁਆਨ ਵੀ ਹੋ ਗਿਆ ਵਿਆਹਿਆ ਵੀ ਗਿਆ। ਉਸ ਦੀ ਆਸ ਤੋਂ ਵੀ ਵਧ ਸੋਹਣੀ ਉਹਦੀ ਨੂੰਹ ਆਈ ਪਰ ਉਹਦੇ ਪੁਤ ਦੇ ਉਹਦੇ ਨਾਲ ਇਕ ਦਿਨ ਵੀ ਸੁਲਾਹ ਨਾ ਮਿਲੀ। ਘਰ ਵਿਚ ਕਲੇਸ਼ ਰਹਿਣ ਲਗ ਪਿਆ। ਉਸ ਨੂੰ ਬੜਾ ਦੁੱਖ ਹੁੰਦਾ ਇਹ ਸਭ ਕੁਝ ਦੇਖਕੇ...

ਤੇ ਫੇਰ ਇਕ ਦਿਨ ਖਬਰ ਸਾਰੇ ਪਿੰਡ ਵਿਚ ਫੈਲ ਗਈ ਕਿ ਜੰਗੀਰ (ਉਹਦਾ ਪੁੱਤਰ) ਆਪਣੀ ਬਹੂ ਨਾਲ ਲੜ ਕੇ ਫੌਜ ਵਿਚ ਭਰਤੀ ਹੋ ਗਿਆ ਹੈ। 'ਫੌਜ' ਸ਼ਬਦ ਸੁਣ ਕੇ ਉਸ ਨੂੰ ਗਸ਼ ਪੈ ਗਈ ਸੀ। ਫੌਜ ਵਿਚ ਭਰਤੀ ਹੋ ਕੇ ਤਾਂ ਉਹਦਾ (ਆਦਮੀ) ਬਰਮਾ ਦੀ ਲੜਾਈ ਵਿਚ ਲੜਦਾ ਹੋਇਆ, ਉਸ ਨੂੰ ਭਰ ਜਵਾਨੀ ਵਿਚ ਇਕ ਮੁੰਡਾ ਗੋਦ 'ਚ ਖੇਡਦਾ ਛਡਕੇ ਸਦਾ ਲਈ ਚਲ ਵਸਿਆ ਸੀ। ਉਸ ਨੇ ਇਹ ਸਦਮਾ ਤਾਂ ਦਿਲ ਤੇ ਪੱਥਰ ਰਖਕੇ ਸਹਿ ਲਿਆ ਸੀ ਕਿਉਂਕਿ ਉਦੋਂ ਉਹਦੇ ਕੋਲ ਉਹਦੇ ਪਤੀ ਦੀ ਨਿਸ਼ਾਨੀ ਹੈ ਸੀ ਜਿਸ ਨਾਲ ਖੇਡ ਖੇਡ ਕੇ ਉਸ ਨੇ ਆਪਣੀ ਉਮਰ ਦਾ ਤੀਜਾ ਹਿਸਾ ਬਿਤਾ ਲਿਆ ਸੀ ਪਰ ਉਸਦੇ ਪੁੱਤ ਦਾ ਤਾਂ ਉਸਦੇ ਕੋਲ ਕੁਝ ਵੀ ਨਹੀਂ ਸੀ ਰਿਹਾ। (ਇਕ ਨੂੰਹ ਸੀ ਜਿਸ ਨੇ ਉਹਦੇ ਪੁਤ ਦੇ ਸ਼ਹੀਦ ਹੋਣ ਤੋਂ ਕੁਝ ਚਿਰ ਮਗਰੋਂ ਹੀ ਆਪਣੇ ਕਾਲਜ ਦੇ ਵਕਤ ਦੇ ਜਮਾਤੀ ਨਾਲ ਕਚਿਹਰੀ ਵਿਚ ਵਿਆਹ ਕਰ ਲਿਆ ਸੀ। ਉਹਦੇ ਵਿਆਹ ਕਰਾਉਣ ਦੀ ਖਬਰ ਉਸਨੂੰ ਕੁਝ ਦਿਨ ਪਹਿਲਾਂ ਮਿਲ ਗਈ ਸੀ ਤੇ ਉਸਨੇ ਆਪਣੀ ਨੂੰਹ ਨੂੰ ਕੋਲ ਬੁਲਾਕੇ ਸਿਖਿਆ ਦਿਤੀ ਸੀ 'ਕਿ ਉਹ ਇਕ ਬਹਾਦਰ ਫੌਜੀ ਦੀ ਪਤਨੀ ਹੈ ਤੇ ਉਸਦੀ ਪਤਨੀ ਬਣਕੇ ਰਹੇ ਪਰ ਉਸ ਦੀ ਨੂੰਹ ਨੇ ਤਾਂ ਗੱਲ ਦੇ ਸ਼ਬਦਾਂ ਵਿਚ ਹੀ ਇਹ ਕਹਿ ਕੇ ਮੁਕਾ ਦਿਤੀ ਸੀ, "ਬੇਬੇ ਜੀ ਮੈਂ ਆਦਰਸ਼ਵਾਦੀ ਨਹੀਂ"

ਨੂੰਹ ਦੇ ਚਲੇ ਜਾਣ ਮਗਰੋਂ ਤਾਂ ਉਸ ਨੂੰ ਆਪਣਾ ਲੱਕ

ਟੁੱਟ ਗਿਆ ਜਾਪਦਾ ਸੀ ਉਹਦੇ ਸਿਰ ਦੇ ਵਾਲ ਦਿਨਾਂ ਵਿਚ ਹੀ ਚਿੱਟੇ ਹੋ ਗਏ ਸਨ। ਇਕੱਲ ਉਸਨੂੰ ਵੱਢ ਵੱਢ ਖਾਣ ਲਗ ਪਈ ਸੀ। ਉਹ ਇਕੱਲ਼ੀ ਬੈਠੀ ਆਪਣੇ ਆਦਮੀ ਜਾਂ ਪੁੱਤ ਨਾਲ ਗੱਲਾਂ ਕਰੀ ਜਾਂਦੀ। ਲੋਕੀ ਉਸਨੂੰ ਪਾਗਲ ਸਮਝਣ ਲਗ ਪਏ।

ਹੁਣ ਉਸ ਦਾ ਧਿਆਨ ਸਟੇਜ ਵਲ ਉਹਦੇ ਪੁੱਤਰ ਦਾ ਨਾਂ ਸੁਣਕੇ ਚਲਿਆ ਗਿਆ ਹੈ। ਉਹ ਗੋਡਿਆਂ ਤੇ ਹੱਥ ਧਰਕੇ ਉਠਦੀ ਹੈ ਤੇ ਜਦ ਉਹ ਆਪਣੀ ਵਖੀਆਂ ਤੋਂ ਕੁਰਤੀ ਠੀਕ ਕਰਨ ਲਗਦੀ ਹੈ ਤਾਂ ਉਸ ਨੂੰ ਆਪਣੇ ਗੀੜ੍ਹ ਵਿਚ ਸਖ਼ਤ ਜਿਹਾ ਕਾਗਜ਼ ਦਾ ਟੁਕੜਾ ਰੜਕਦਾ ਹੈ ਜੋ ਅਕਸਰ ਉਹਦੇ ਗੀਝੇ ਵਿਚ ਰਹਿੰਦਾ ਹੈ ਤੇ ਜਿਸ ਨੂੰ ਉਹ ਦਿਹਾੜੀ ਵਿਚ ਅਨੇਕਾਂ ਵਾਰ ਵੇਖਦੀ ਰਹਿੰਦੀ ਹੈ।

ਹੁਣ ਉਹ ਸਟੇਜ ਤੇ ਪਹੁੰਚ ਗਈ ਹੈ। ਸਟੇਜ ਸਕੱਤਰ ਉਹਦੇ ਪੁੱਤ ਦੀ ਬਹਾਦਰੀ ਦੇ ਗੁਣ ਗਾ ਰਿਹਾ ਹੈ। ਰਾਜਧਾਨੀ ਤੋਂ ਆਇਆ ਆਦਮੀ ਉਸਨੂੰ ਦੋਵੇਂ ਹੱਥ ਜੋੜਦਾ ਹੈ ਤੇ ਫਿਰ ਉਸਨੂੰ ਤਗਮਾ ਭੇਂਟ ਕਰਨ ਲਗਦਾ ਹੈ। ਬੁੱਢੀ ਦੇ ਬੁੱਲ ਫਰਕਦੇ ਹਨ, ਸ਼ਾਹਿਦ ਉਹ ਕੁਝ ਕਹਿਣਾ ਚਾਹੁੰਦੀ ਹੈ ਪਰ ਕਹਿ ਨਹੀਂ ਰਹੀ. ਸਿਰਫ ਆਪਣੇ ਹੱਥ ਦੀਆਂ ਪੰਜੇ ਉਂਗਲਾਂ ਖੋਲ ਕੇ ਹੱਥ ਹਿਲਾ ਦਿੰਦੀ ਹੈ। ਉਹ ਆਦਮੀ ਹੈਰਾਨ ਹੈ ਸਟੇਜ ਸਕੱਤਰ ਹੈਰਾਨ ਹੈ ਤੇ ਹੋਰ ਪਬਲਿਕ...ਕਿ ਬੁੱਢੀ ਨੇ ਇਹ ਕੀ ਕਰ ਦਿਤਾ ਹੈ।

"ਪਾਗਲ ਹੈ ਪਾਗਲ, "ਕਿਸੇ ਦੀ ਆਵਾਜ਼ ਖਾਮੋਸ਼ੀ ਨੂੰ ਨੂੰ ਚੀਰਦੀ ਹੋਈ ਉਹਦੇ ਕੰਨਾ ਨਾਲ ਟਕਰਾਉਂਦੀ ਹੈ। ਉਹ ਇਕ ਵਾਰ ਪਿੱਛੇ ਮੁੜ ਕੇ ਦੇਖਦੀ ਹੈ। ਇਹ ਆਵਾਜ ਉਹਦੇ ਸ਼ਰੀਕੇ 'ਚ ਲਗਦੇ ਜੇਠ ਦੀ ਹੈ ਜਿਸ ਨੇ ਉਸਦੇ ਪਤੀ ਦੇ ਮਰਨ ਤੋਂ ਮਗਰੋਂ ਉਸ ਨੂੰ ਚਾਦਰ ਪਾਉਣ ਲਈ ਜ਼ੋਰ ਲਾਇਆ ਸੀ।

"ਹੋਰ ਕੀ ਚਾਹੀਦੈ ਮਾਈ...?" ਉਹ ਵੱਡਾ ਆਦਮੀ ਉਸਨੂੰ ਪੁੱਛਦਾ ਹੈ।

ਉਹ ਇਕ ਉਹਦੀਆਂ ਅੱਖਾਂ ਵਿਚ ਦੇਖਦੀ ਹੈ ਤੇ ਜੀਝੇ ਚੋਂ ਕੱਢਕੇ ਇਕ ਤਸਵੀਰ ਉਹਦੇ ਅਗੇ ਕਰ ਦਿੰਦੀ ਹੈ। ਜਿਸ ਨੂੰ ਉਹ ਦਿਹਾੜੀ ਵਿਚ ਕਈ ਵਾਰ ਦੇਖਦੀ ਹੁੰਦੀ ਹੈ ਤੇ ਜਿਹੜੀ ਤਸਵੀਰ ਟੰਗੀ ਰਿਕਾਰਡ ਵਿਚ ਲਗੀ ਤਸਵੀਰ ਨਾਲ ਦੀ ਹੈ। ਹੁਣ ਉਸਦੀ ਭੁੱਖ ਨਿਕਲ ਗਈ ਹੈ ਤੇ ਅੱਜ ਉਸ ਨੂੰ 26 ਸਾਲਾਂ ਬਾਅਦ ਫੇਰ ਆਪਣੀਆਂ ਛਾਤੀਆਂ ਤੇ ਉਪਰਲੀ ਕੁਰਤੀ ਭਿੱਜੀ ਭਿਜੀ ਮਹਿਸੂਸ ਹੁੰਦੀ ਹੈ। ●


# HIMALAYA RESTAURANT

**2313 MAIN STREET**
**VANCOUVER, B.C.**

**LICENSED PREMISES**
**PHONE: 876-2911**

## ਹਿਮਾਲੀਆ ਰੈਸਟੋਰੈਂਟ

ਜਿਥੇ

ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆਂ ਹਨ।
ਹਰ ਕਿਸਮ ਦੀ ਬੀਅਰ ਅਤੇ ਵਾਈਨ ਵੀ ਮਿਲਦੀ ਹੈ!!

ਵਿਆਹ ਸ਼ਾਦੀਆਂ ਲਈ INDOOR ਤੇ OUTDOOR ORDERS ਉਤੇ ਵੱਡੇ 'ਪੈਮਾਨੇ ਤੇ ਮਠਿਆਈ ਦੀ ਤਿਆਰ ਕੀਤੀ ਜਾਂਦੀ ਹੈ!!!

---

**FOR ANY KIND OF**

**Photography**

**REMEMBER !!**

# SANDEEP STUDIO

**CALL**
**HARCHARAN JHUTEE**

**325-9255**

# BOMBAY CURRY RESTAURANT

**3934 MAIN STREET (23rd AVE.), VANCOUVER, B.C.**

**PHONE: 874-5722**

**FOR TAKE AWAY AND EAT THERE,**
**MOUTH WATERING SWEETS:**
**Mesu, Patisa, Besan, Barfi; Gajarpak, Laddo, Padha, Gulab jamun, Rasgoole, Badana, Jalebi, Amratiyan, Shakerpare, Namkeen Bhujiya and many many more.**

**CHICKEN CURRY, BEEF CURRY, VEGETABLE LAMB, CHICKEN TANDOORI (SERVED WITH SALAD & RICE PILLAU), FRESH GREEN BEANS & POTATOES, MIXED VEGETABLE.**

*The Ultimate in Highclass SPICY FOODS with 22 Years experience begind it*

---

**FOR WEDDING & PARTY CATERING CONTACT K. S. PABLA (Res. 874-1644)**

---

NEEDED AN EXPERIENCED SWEET COOK – $800 PER MONTH – PHONE!

800 ਡਾਲਰ ਪਤੀ ਮਹੀਨਾ ਤਨਖਾਹ ਤੇ ਸਾਨੂੰ ਇਕ ਤਜਰਬੇਕਾਰ ਹਲਵਾਈ ਦੀ ਲੋੜ ਹੈ! ਫੋਨ ਕਰੋ !!

# LONDON FASHION STORE



4393 Main Street
(at 28th Avenue)
Vancouver, B.C.

Phone:
Business:
876-7515
Residence:
879-3401

**IMPORTERS, EXPORTERS, WHOLESALER, RETAILERS – INDIA's NOVELTIES – JEWELLERY**

**SPECIALISTS IN:** Sarees; Shirts; Ladies, Gents and Childrens Knitwear, all kinds of fabrics.

**MANAGER: SARBJIT SINGH AWLA**

# ਲੰਡਨ ਫ਼ੈਸਨ ਸਟੋਰ, ਵੈਨਕੂਵਰ

# ਸ਼ਹੀਦ ਊਧਮ ਸਿੰਘ

- ਸ਼ਹੀਦ ਦੀ ਹੱਥ-ਲਿਖਤ -




ਇਹ 13 ਅਪ੍ਰੈਲ, 1919 ਦੀ ਵਿਸਾਖੀ ਦਾ ਹੱਟੀਆਂ ਭਰਪੂਰ ਦਿਨ ਸੀ । ਇਸ ਦਿਹਾੜੇ ਹਜ਼ਾਰਾਂ ਆਦਮੀ, ਔਰਤਾਂ ਅਤੇ ਬੱਚੇ, ਹਿੰਦੂ, ਸਿੱਖ ਅਤੇ ਮੁਸਲਮਾਨ ਆਪਣੇ ਲੀਡਰਾਂ, ਡਾ : ਸੈਫੂਦੀਨ ਕਿਚਲੂ, ਡਾ : ਸਤਪਾਲ ਅਤੇ ਦੂਜੇ ਲੀਡਰਾਂ ਦੀਆਂ ਬਦਨਾਮ ਰੌਲਟ ਐਕਟ ਅਧੀਨ ਹੋਈਆਂ ਗ੍ਰਿਫ਼ਤਾਰੀਆਂ ਵਿਰੁਧ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਖੇ ਇਕੱਤਰ ਹੋਏ ਸਨ ।

ਜਨਰਲ ਡਾਇਰ ਹਥਿਆਰਬੰਦ ਸਿਪਾਹੀਆਂ ਨੂੰ ਨਾਲ ਲੈ ਕੇ, ਗੁਸੇ ਨਾਲ ਭਰੇ ਇਕੱਠ ਨੂੰ ਸਬਕ ਸਿਖਾਉਣ ਲਈ (ਜੋ ਕਿ ਮਗਰੋਂ ਉਸ ਨੇ ਖ਼ੁਦ ਮੰਨਿਆਂ) ਉਥੇ ਪਹੁੰਚਿਆ । ਉਸ ਨੇ ਉਚੇ ਥੜ੍ਹੇ ਉਤੇ ਚੜ੍ਹ ਕੇ ਬੜੀ ਨਫ਼ਰਤ ਨਾਲ ਇਕੱਠ ਦਾ ਜਾਇਜ਼ਾ ਲਿਆ । ਇਹ ਇਕੱਠ ਬਿਲਕੁਲ ਸ਼ਾਂਤਮਈ ਸੀ; ਆਪਣੇ ਬਚਾਓ ਵਿਚ ਕੋਈ ਡਾਂਗ ਨਹੀਂ ਉਲਾਰੀ ਗਈ, ਅਤੇ ਨਾ ਹੀ ਪੱਥਰ ਸੁਟਿਆ ਗਿਆ । ਬਗ਼ੈਰ ਕਿਸੇ ਚੇਤਾਵਨੀ ਦਿਤਿਆਂ ਉਹ ਚੀਕਿਆ 'ਗੋਲੀ ਚਲਾਓ' । ਲਗਾਤਾਰ ਸਾਢੇ 10 ਮਿੰਟ, ਸਹਿਮੇ ਅਤੇ ਡਰੇ ਹੋਏ ਹਜੂਮ ਤੇ ਗੋਲੀਆਂ ਦੀ ਵਾਛੜ ਹੁੰਦੀ ਰਹੀ । ਜਦੋਂ ਲੋਕ ਘਬਰਾਏ ਹੋਏ ਆਪਣੀਆਂ ਜਾਨਾਂ ਬਚਾਉਣ ਦੇ ਉਪਰਾਲੇ ਕਰਦੇ ਹੋਏ ਭੱਜ ਰਹੇ ਸਨ, ਤਾਂ ਉਨ੍ਹਾਂ ਉਤੇ ਮੀਂਹ ਵਾਂਗ ਗੋਲੀਆਂ ਵਰ੍ਹ ਰਹੀਆਂ ਸਨ ।

ਕੁਲ ਮਿਲਾ ਕੇ-1650 ਗੋਲੀਆਂ ਚਲਾਈਆਂ ਗਈਆਂ, ਜਿਸ ਨਾਲ 379 ਆਦਮੀ, ਔਰਤਾਂ ਅਤੇ ਬੱਚੇ ਸ਼ਹੀਦ ਹੋਏ ਅਤੇ 1500 ਵਿਅਕਤੀ ਜ਼ਖਮੀ ਹੋਏ ਅਤੇ ਜੋ ਲੋਕ ਭੱਜ ਕੇ ਜਾਨਾਂ ਬਚਾਉਣ ਲਈ ਦੀਵਾਰ ਤੇ ਚੜ੍ਹੇ ਉਹਨਾਂ ਨੂੰ ਵੀ ਗੋਲੀਆਂ ਦੀ ਮਾਰੂ ਵਾਛੜ ਨੇ ਬੇਰਹਿਮੀ ਨਾਲ ਮਾਰ ਦਿਤਾ ਅਤੇ ਉਨ੍ਹਾਂ ਦੇ ਮਿਰਤਕ ਸਰੀਰ ਦਿਵਾਰਾਂ ਤੇ ਹੀ ਟੰਗੇ ਰਹਿ ਗਏ । ਮਿੰਟਾਂ ਵਿਚ ਹੀ ਮਿਰਤਕ ਸਰੀਰਾਂ ਅਤੇ ਜ਼ਖਮੀਆਂ ਦੇ ਢੇਰ ਲੱਗ ਗਏ। ਇਹ ਭਿਆਨਕ ਦ੍ਰਿਸ਼ ਰਾਤ ਪੈਣ ਨਾਲ ਹੋਰ ਭਿਆਨਕ ਹੋ ਗਿਆ । ਗਿੱਦੜ ਅਤੇ ਕੁਤੇ ਮਿਰਤਕ ਸਰੀਰਾਂ ਦਾ (ਜੋ ਲਹੂ ਅਤੇ ਮਿੱਟੀ ਨਾਲ ਲਿਬੜੇ ਪਏ ਸਨ) ਮਾਸ ਨੋਚਣ ਲੱਗੇ ।

ਉਨ੍ਹਾਂ ਜੁਆਨਾਂ ਵਿਚ, ਜੋ ਇਸ ਭਿਆਨਕ ਦੁਰਘਟਨਾ ਨੂੰ ਵੇਖ ਰਹੇ ਸਨ ਅਤੇ ਜ਼ਖਮੀਆਂ ਦੀ ਮੱਦਦ ਕਰ ਰਹੇ ਸਨ, ਸ੍ਰ : ਊਧਮ ਸਿੰਘ ਵੀ ਸ਼ਾਮਲ ਸੀ । ਜਿਸ ਦਾ ਪੀੜ ਭਰਿਆ ਹਿਰਦਾ ਚਿਲਾਇਆ 'ਬਦਲਾ' 'ਬਦਲਾ' 'ਬਦਲਾ' ।

ਸ੍ਰ : ਊਧਮ ਸਿੰਘ ਦਾ ਜਨਮ 26 ਦਸੰਬਰ, 1899 ਨੂੰ ਸੁਨਾਮ ਵਿਖੇ ਹੋਇਆ ਅਤੇ ਉਹ ਅਜੇ ਦੋ ਸਾਲਾਂ ਦੇ ਹੀ ਸਨ ਕਿ ਉਨ੍ਹਾਂ ਦੇ ਮਾਤਾ ਜੀ ਸੁਰਗਵਾਸ ਹੋ ਗਏ । ਉਨ੍ਹਾਂ ਦੇ ਪਿਤਾ ਸ੍ਰ : ਟਹਿਲ ਸਿੰਘ ਪੰਜਾਂ ਸਾਲਾਂ ਮਗਰੋਂ ਅਕਾਲ ਚਲਾਣਾ ਕਰ ਗਏ । ਆਪ ਅਤੇ ਆਪ ਦੇ ਭਾਈ ਸਾਧੂ ਸਿੰਘ ਬਦਕਿਸਮਤ ਜ਼ਿੰਦਗੀ ਦੇ ਤੂਫ਼ਾਨਾਂ ਭਰੇ ਸਾਗਰ ਦੀਆਂ ਬੇਤਰਸ ਲਹਿਰਾਂ ਦਾ ਟਾਕਰਾ ਕਰਨ ਲਈ ਬੇਸਹਾਰਾ ਰਹਿ ਗਏ । ਜਦੋਂ ਉਹ ਬੇਆਸਰਾ ਹਾਲਤ ਵਿਚ ਘੁੰਮ ਰਹੇ ਸਨ ਤਾਂ ਸੁਨਾਮ ਦੇ ਇਕ ਚੰਗੇ ਦਿਲ ਵਾਲੇ ਮਨੁਖ ਸ੍ਰ : ਚੈਂਦਾ ਸਿੰਘ ਨੇ ਉਨ੍ਹਾਂ ਨੂੰ 'ਸਿਖ ਯਤੀਮ ਖਾਨਾ ਪੁਤਲੀ ਘਰ ਅੰਮ੍ਰਿਤਸਰ' ਵਿਚ ਦਾਖਲ ਕਰਵਾ ਦਿਤਾ । ਊਧਮ ਸਿੰਘ ਦੀ ਪਰਵਰਸ਼ ਅਤੇ ਪੜ੍ਹਾਈ ਉਥੇ ਹੀ ਹੋਈ ਅਤੇ ਉਸ ਨੇ ਆਪਣੀ ਰੋਜ਼ੀ ਕਮਾਉਣ ਲਈ ਕਈ ਕੰਮ ਸਿੱਖ ਲਏ । ਪਰ ਉਹ ਇਕ ਸਾਧਾਰਨ ਕਾਰੀਗਰ ਦੀ ਜ਼ਿੰਦਗੀ ਨੂੰ ਪਸੰਦ ਨਹੀਂ ਸੀ ਕਰਦਾ । ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਉਨ੍ਹਾਂ ਦੀ ਜ਼ਿੰਦਗੀ ਲਈ ਵੱਡਾ ਮੋੜ ਸਾਬਤ ਹੋਇਆ ।

ਅੰਗ੍ਰੇਜ਼ ਹਾਕਮਾਂ, ਜਿਨ੍ਹਾਂ ਨੇ ਨਾ ਕੇਵਲ ਸ਼ਾਂਤਮਈ ਅਤੇ ਮਾਸੂਮ ਲੋਕਾਂ ਦਾ ਕਤਲੇਆਮ ਹੀ ਕੀਤਾ ਬਲਕਿ ਉਨ੍ਹਾਂ ਦੇ ਰਾਸ਼ਟਰੀ ਸਵੈਮਾਨ ਨੂੰ ਵੀ ਠੇਸ ਪਹੁੰਚਾਈ ਸੀ, ਵਿਰੁਧ ਬਦਲੇ ਅਤੇ ਨਫ਼ਰਤ ਦੀ ਭਾਵਨਾ ਹੋਰ ਤੇਜ਼ ਹੋ ਗਈ । ਉਹ ਇਕ ਅਜਿਹਾ ਇਨਕਲਾਬੀ ਬਣ ਗਿਆ ਜਿਸ ਨੂੰ ਵੱਡੇ ਤੋਂ ਵੱਡੇ ਖ਼ਤਰਿਆਂ ਅਤੇ ਮੌਤ ਤੋਂ ਕੋਈ ਭੈਅ ਨਹੀਂ ਸੀ । ਪਰ ਉਹਨੂੰ ਆਪਣੇ ਮਨੋਰਥ ਦੀ ਪੂਰਤੀ ਲਈ ਲਗ ਪਗ 21 ਸਾਲ ਬੜੇ ਤਹੱਮਲ ਅਤੇ ਨਿਸਚੇ ਨਾਲ ਉਡੀਕਣਾ ਪਿਆ । ਜਲ੍ਹਿਆਂ ਵਾਲੇ ਬਾਗ਼ ਦੀ ਇਸ ਘ੍ਰਿਣਾਤਮਕ ਦੁਰਘਟਨਾ ਦੇ ਤਿੰਨ ਦੋਸ਼ੀ ਸਨ, ਸਰ ਮਾਇਕਲ ਓਡਵਾਇਰ, ਗਵਰਨਰ ਪੰਜਾਬ ਮਹਾਂ ਘੁਮੰਡੀ ਅਫ਼ਸਰ ਜਨਰਲ ਡਾਇਰ, ਜਿਸ ਨੇ ਮਾਸੂਮ ਲੋਕਾਂ ਦੇ ਲਹੂ ਨਾਲ ਹੱਥ ਰੰਗੇ, ਅਤੇ ਲਾਰਡ ਜ਼ੀਟਲੈਂਡ ਸੈਕ੍ਰੇਟਰੀ ਆਫ਼ ਸਟੇਟ ।

ਸ੍ਰ : ਊਧਮ ਸਿੰਘ ਨੇ ਇਸ ਭਿਆਨਕ ਤਸ਼ੱਦਦ ਦਾ ਬਦਲਾ ਲੈਣ ਦਾ ਪ੍ਰਣ ਕੀਤਾ । ਇਸ ਨਿਸ਼ਾਨੇ ਨੂੰ ਮੁੱਖ ਰੱਖ ਕੇ ਉਹ ਕਿਸੇ ਨਾ ਕਿਸੇ ਢੰਗ ਨਾਲ ਅਫ਼ਰੀਕਾ ਵਿਚ ਪਹੁੰਚਣ ਵਿਚ ਸਫਲ ਹੋ ਗਿਆ । ਉਥੋਂ ਉਹ ਅਮਰੀਕਾ ਚਲਾ ਗਿਆ, ਜਿਥੇ ਉਸ ਦਾ ਮੇਲ ਉਨ੍ਹਾਂ ਇਨਕਲਾਬੀਆਂ ਨਾਲ ਹੋਇਆ ਜੋ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੰਮ ਕਰ ਰਹੇ ਸਨ । ਉਹ 1923 ਵਿਚ ਚੋਰੀ ਛੁਪੇ ਇੰਗਲੈਂਡ ਪਹੁੰਚ ਗਿਆ ਤਾਂ ਜੋ ਆਪਣਾ ਪ੍ਰਣ ਪੂਰਾ ਕਰ ਸਕੇ । ਪਰ ਭਗਤ ਸਿੰਘ ਵਲੋਂ ਤੁਰਤ ਸੱਦਾ ਆਉਣ ਤੇ ਉਹ ਆਪਣੇ ਕੁਝ ਹਥਿਆਰਬੰਦ ਸਾਥੀਆਂ ਸਮੇਤ ਭਾਰਤ ਪਰਤ ਆਇਆ । ਜਦੋਂ ਉਹ ਲਾਹੌਰ ਪੁਜਾ ਤਾਂ ਉਨ੍ਹਾਂ ਨੂੰ ਅਸਲਾ ਐਕਟ ਦੀ ਉਲੰਘਣਾ ਕਰਨ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤ ਨੇ ਉਨ੍ਹਾਂ ਨੂੰ 4 ਸਾਲ ਦੀ ਸਖ਼ਤ ਸਜ਼ਾ ਦਿਤੀ। ਜੇਲ੍ਹ ਨੇ ਉਸ ਦੇ ਇਨਕਲਾਬੀ ਅਤੇ ਦ੍ਰਿੜ੍ਹ ਇਰਾਦੇ ਨੂੰ ਹੋਰ ਮਜ਼ਬੂਤ ਬਣਾ ਦਿਤਾ ।

ਸਾਲ 1932 ਵਿਚ ਉਨ੍ਹਾਂ ਨੂੰ ਰਿਹਾ ਕਰ ਦਿਤਾ ਗਿਆ। ਅਗਲੇ ਸਾਲ ਉਹ ਪੁਲਿਸ ਨੂੰ ਚਕਮਾ ਦੇ ਕੇ ਦੇਸ਼ ਤੋਂ ਬਾਹਰ ਚਲਾ ਗਿਆ । ਫਿਰ ਲੰਡਨ ਪਹੁੰਚ ਗਿਆ ਅਤੇ ਆਪਣਾ ਪ੍ਰਣ ਪੂਰਾ ਕਰਨ ਲਈ ਉਥੇ ਉਸ ਨੇ ਇਕ ਸਿਖਲਾਈ ਕੋਰਸ ਵਿਚ ਦਾਖਲਾ ਲੈ ਲਿਆ । ਇਸ ਦੌਰਾਨ ਉਸ ਨੇ ਆਪਣੇ ਕਈ ਨਾਂ ਬਦਲੇ ਜਿਵੇਂ ਕਿ ਉਦੇ ਸਿੰਘ, ਸ਼ੇਰ ਸਿੰਘ, ਫਰੈਂਕ ਬਰਾਜ਼ੀਲ ਅਤੇ ਰਾਮ ਮੁਹੰਮਦ ਸਿੰਘ ਆਜ਼ਾਦ ।

ਜਿਹੜੇ ਵੀ ਉਥੇ ਉਸਨੂੰ ਜਾਣਦੇ ਸਨ, ਸਭ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਕਿਤਾਬਾਂ ਪੜ੍ਹਦਾ ਰਹਿੰਦਾ ਤੇ ਇਕੱਲ ਵਿਚ ਰਹਿਣਾ ਪਸੰਦ ਕਰਦਾ ਸੀ । ਉਸ ਨੇ ਕਦੇ ਵੀ ਆਪਣੇ ਖਾਣ-ਪੀਣ ਬਾਰੇ ਚਿੰਤਾ ਨਾ ਕੀਤੀ ਅਤੇ ਨਾ ਹੀ ਕਦੇ ਫ਼ਿਲਮ ਵੇਖਣ

[ਜੇਲ੍ਹ ਵਿੱਚੋਂ ਇਕ ਮਿੱਤਰ ਨੂੰ ਪੈਗ਼ਾਮ ਤੇ ਤਸਵੀਰ]





ਗੁਰੂ ਤੇਗਬਹਾਦੁਰ ਜੀ (1621- 11 ਨਵੰਬਰ 1675)

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ।।੩।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸ ਦੀਆ ਪਰ ਸਿਰਰੁ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ।।੪।

ਦਸਮ ਗ੍ਰੰਥ
(ਬਚਿ ਨਾਟ.V)

ਚਿਤ ਚਰਨ ਕਮਲ ਕਾ ਆਸਰਾ
ਚਿਤ ਚਰਨ ਕਮਲ ਸੰਗ ਜੋੜੀਐ॥
ਮਨ ਲੋਚੈ ਬੁਰਿਆਈਆਂ
ਗੁਰ ਸਬਦੀ ਇਹ ਮਨ ਹੋੜੀਐ॥
ਬਾਂਹਿ ਜਿਨ੍ਹਾਂ ਦੀ ਪਕੜੀਐ
ਸਿਰ ਦੀਜੈ ਬਾਂਹਿ ਨ ਛੋੜੀਐ॥
ਗੁਰ ਤੇਗ ਬਹਾਦੁਰ ਬੋਲਿਆ
ਧਰ ਪਈਐ ਧਰਮ ਨ ਛੋੜੀਐ॥

ਗਿਆ। ਉਹ ਇਨ੍ਹਾਂ ਸਾਰਿਆਂ ਮਨ-ਪ੍ਰਚਾਰਿਆਂ ਨੂੰ ਸਮਾਂ ਅਤੇ ਸ਼ਕਤੀ ਨਸ਼ਟ ਕਰਨ ਵਾਲੇ ਸਮਝਦਾ ਸੀ ਅਤੇ ਉਸ ਅਨੁਸਾਰ ਇਹ ਸਭ ਕੁਝ ਮਿਹਨਤ ਨਾਲ ਕੀਤੀ ਕਮਾਈ ਨੂੰ ਖਰਾਬ ਕਰਨ ਵਾਲੀਆਂ ਚੀਜ਼ਾਂ ਸਨ। ਜਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਹਮੇਸ਼ਾਂ ਉਸ ਦੇ ਦਿਮਾਗ਼ ਵਿਚ ਘੁੰਮਦਾ ਰਹਿੰਦਾ ਸੀ ਅਤੇ ਉਸ ਨੂੰ ਉਸ ਦੇ ਨਿਸ਼ਾਨੇ ਦੀ ਯਾਦ ਦਿਵਾਉਂਦਾ ਰਹਿੰਦਾ ਸੀ। ਜਨਰਲ ਡਾਇਰ ਪਹਿਲਾਂ ਹੀ ਅਧਰੰਗ ਦੀ ਬਿਮਾਰੀ ਨਾਲ ਮਰ ਚੁਕਾ ਸੀ। ਸਰ ਮਾਈਕਲ ਓਡਵਾਇਰ ਅਤੇ ਲਾਰਡ ਜ਼ੀਟਲੈਂਡ ਅਜੇ ਜ਼ਿੰਦਾ ਸਨ ਅਤੇ ਉਨ੍ਹਾਂ ਨੇ ਕੋਈ ਪਸ਼ਚਾਤਾਪ ਵੀ ਨਹੀਂ ਸੀ ਕੀਤਾ। ਇਸੇ ਲਈ ਉਹ ਦੋਹਾਂ ਨੂੰ ਇਕੱਠਿਆਂ ਹੀ ਮਾਰਨਾ ਚਾਹੁੰਦਾ ਸੀ।

ਉਸ ਨੇ ਉਨ੍ਹਾਂ ਦੀ ਹਰ ਕਾਰਵਾਈ ਤੇ ਪੂਰੀ ਨਿਗਰਾਨੀ ਰੱਖੀ ਤੇ ਉਨ੍ਹਾਂ ਦਾ ਪਿੱਛਾ ਕਰਦਾ ਰਿਹਾ। ਉਸ ਨੇ ਇਕ ਰਿਵਾਲਵਰ ਖਰੀਦਿਆ ਅਤੇ ਪੂਰੀ ਤਰ੍ਹਾਂ ਤੇਲ ਲਗਾ ਕੇ ਸਾਫ ਰੱਖ ਕੇ ਉਸ ਨੂੰ ਹਮੇਸ਼ਾਂ ਤਿਆਰ ਰੱਖਣਾ ਸ਼ੁਰੂ ਕਰ ਦਿਤਾ। ਪਰ ਉਨ੍ਹਾਂ ਨੂੰ ਮਾਰਨ ਦਾ ਅਵਸਰ ਹਮੇਸ਼ਾਂ ਹੀ ਖੁੰਝ ਜਾਂਦਾ ਰਿਹਾ। ਕਈ ਵਰ੍ਹੇ ਬੀਤ ਗਏ, ਪਰ ਉਹ ਆਪਣੇ ਦ੍ਰਿੜ੍ਹ ਇਰਾਦੇ ਤੋਂ ਕਦੇ ਵੀ ਨਾ ਡੋਲਿਆ।

ਆਖ਼ਰ ਉਸ ਨੂੰ ਅਵਸਰ ਪ੍ਰਾਪਤ ਹੋ ਹੀ ਗਿਆ। ਵੀਹਾਂ ਸਾਲਾਂ ਬਾਅਦ ਜਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦਾਂ ਦੇ ਕਾਤਲਾਂ ਸਰ ਮਾਈਕਲ ਓਡਵਾਇਰ ਅਤੇ ਲਾਰਡ ਜ਼ੀਟਲੈਂਡ ਨੇ, ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਅਤੇ ਈਸਟ ਇੰਡੀਅਨ ਐਸੋਸੀਏਸ਼ਨ ਵਲੋਂ ਅਫ਼ਗਾਨਿਸਤਾਨ ਬਾਰੇ 13 ਮਾਰਚ, 1940 ਨੂੰ ਕੇਕਸਟਨ ਹਾਲ ਵਿਚ ਅਯੋਜਤ ਸੈਮੀਨਾਰ ਵਿਚ ਭਾਗ ਲੈਣ ਲਈ ਜਾਣਾ ਸੀ।

ਮੀਟਿੰਗ ਦਾ ਕਮਰਾ ਖਚਾ ਖਚ ਭਰਿਆ ਹੋਇਆ ਸੀ। ਲਾਰਡ ਜ਼ੀਟਲੈਂਡ ਤੋਂ ਪਹਿਲਾਂ ਚੇਅਰਮੈਨ ਨੇ ਸੈਮੀਨਾਰ ਦਾ ਉਦਘਾਟਨ ਕੀਤਾ। ਸਰਦਾਰ ਊਧਮ ਸਿੰਘ ਭੀੜ ਵਿਚੋਂ ਚੁਪ ਚਪੀਤੇ ਕਿਸੇ ਦਾ ਧਿਆਨ ਆਪਣੇ ਵੱਲ ਖਿਚੇ ਬਗੈਰ ਅੱਗੇ ਲੰਘ ਆਏ ਅਤੇ ਸਟੇਜ ਤੋਂ ਕੁਝ ਕਤਾਰਾਂ ਹਟਵੀਂ ਇਕ ਸੀਟ ਤੇ ਬੈਠ ਗਏ ਅਤੇ ਦੀਵਾਰ ਦੇ ਨਾਲ ਲਗਕੇ ਬੈਠੇ ਰਹੇ।

ਜਦੋਂ ਸਰ ਪੇਰਸੇ ਸਾਇਕਸ ਨੇ ਭਾਸ਼ਣ ਖ਼ਤਮ ਕੀਤਾ ਤਾਂ ਕਈ ਬੁਲਾਰਿਆਂ ਨੇ ਬਹਿਸ ਵਿਚ ਹਿੱਸਾ ਲਿਆ। ਸਰ ਮਾਈਕਲ ਓਡਵਾਇਰ ਨੇ ਬੜਾ ਭੜਕੀਲਾ ਭਾਸ਼ਨ ਦਿਤਾ। ਜਦੋਂ ਉਹ ਆਪਣੀ ਸੀਟ ਤੇ ਬੈਠਣ ਲੱਗਿਆ ਤਾਂ ਸ: ਊਧਮ ਸਿੰਘ ਦੇ ਰਿਵਾਲਵਰ ਵਿਚੋਂ ਠਾਹ ਠਾਹ ਦੀ ਆਵਾਜ਼ ਆਈ। ਓਡਵਾਇਰ ਚੱਕਰ ਖਾ ਕੇ ਡਿਗ ਪਿਆ, ਤੜਫ਼ਿਆ ਅਤੇ ਸਦਾ ਦੀ ਨੀਂਦ ਸੌਂ ਗਿਆ।

ਉਥੇ ਪੂਰਨ ਘਬਰਾਹਟ ਛਾ ਗਈ। ਲੋਕ ਉਭੜਵਾਹੇ ਭੱਜ ਦੌੜੇ। ਸਰਦਾਰ ਊਧਮ ਸਿੰਘ ਆਸਾਨੀ ਨਾਲ ਬਚ ਕੇ ਜਾ ਸਕਦੇ ਸਨ ਪਰ ਉਨ੍ਹਾਂ ਨੇ ਇਸ ਤਰ੍ਹਾਂ ਕਰਨ ਤੋਂ ਇਨਕਾਰ ਕਰ ਦਿਤਾ। ਉਹ ਕੰਧ ਦੇ ਕੋਲ ਸ਼ਾਂਤ ਅਤੇ ਬਿਨਾਂ ਘਬਰਾਹਟ ਖੜੇ ਹੋ ਗਏ ਅਤੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿਤਾ। ਜਿਉਂ ਹੀ ਉਨ੍ਹਾਂ ਨੂੰ ਹਥਕੜੀ ਲਗਾਈ ਗਈ ਉਨ੍ਹਾਂ ਦੇ ਚਿਹਰੇ ਉਤੇ ਮੁਸਕਰਾਹਟ ਫੈਲ ਗਈ, ਜਿਹੜੀ ਉਨ੍ਹਾਂ ਦੀ ਜ਼ਿੰਦਗੀ ਦੇ ਉਦੇਸ਼ ਦੀ ਪੂਰਤੀ ਹੋਣ ਦੀ ਅੰਦਰੂਨੀ ਖ਼ੁਸ਼ੀ ਨੂੰ ਪ੍ਰਗਟ ਕਰਦੀ ਸੀ।

ਉਨ੍ਹਾਂ ਨੂੰ 2 ਅਪ੍ਰੈਲ, 1940 ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਜਿਹੜਾ ਬਿਆਨ ਉਨ੍ਹਾਂ ਨੇ ਕਚਹਿਰੀ ਵਿਚ ਦਿਤਾ ਉਹ ਲੱਖਾਂ ਲੋਕਾਂ ਦੀ ਜ਼ੁਲਮ ਅਤੇ ਗ਼ੁਲਾਮੀ ਦੇ ਖ਼ਿਲਾਫ਼ ਮੂੰਹ ਬੋਲਦੀ ਆਵਾਜ਼ ਸੀ। ਉਨ੍ਹਾਂ ਐਲਾਨ ਕੀਤਾ :—

'ਮੈਂ ਇਹ ਸਭ ਕੁਝ ਇਸ ਲਈ ਕੀਤਾ ਹੈ ਕਿ ਮੈਨੂੰ ਉਸ ਨਾਲ ਖਾਰ ਸੀ। ਉਹ ਇਸ ਦੇ ਕਾਬਲ ਸੀ, ਉਹ ਅਸਲੀ ਗੁਨਾਹਗਾਰ ਸੀ। ਉਹ ਸਾਡੇ ਲੋਕਾਂ ਦੀ ਆਤਮਾ ਨੂੰ ਕੁਚਲਣਾ ਚਾਹੁੰਦਾ ਸੀ। ਇਸ ਲਈ ਮੈਂ ਉਸ ਨੂੰ ਕੁਚਲ ਦਿਤਾ। ਪੂਰੇ 21 ਸਾਲ ਮੈਂ ਬਦਲਾ ਲੈਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਖ਼ੁਸ਼ ਹਾਂ ਕਿ ਮੈਂ ਆਪਣਾ ਉਦੇਸ਼ ਪੂਰਾ ਕਰ ਲਿਆ ਹੈ। ਮੈਂ ਮੌਤ ਤੋਂ ਡਰਦਾ ਨਹੀਂ। ਮੈਂ ਜੁਆਨੀ ਵਿਚ ਮਰਨਾ ਚਾਹੁੰਦਾ ਹਾਂ। ਬੁਢੇ ਅਤੇ ਨਕਾਰਾ ਹੋ ਕੇ ਮਰਨ ਦਾ ਕੀ ਲਾਭ ਹੈ ? ਮੈਂ ਆਪਣੇ ਦੇਸ਼ ਲਈ ਅਤੇ ਲੋਕਾਂ ਲਈ ਮਰ ਰਿਹਾ ਹਾਂ। ਕੀ ਲਾਰਡ ਜ਼ੀਟਲੈਂਡ ਮਰ ਗਿਆ ਹੈ ? ਉਹਨੂੰ ਮਰਨਾ ਹੀ ਚਾਹੀਦਾ ਸੀ, ਮੈਂ ਦੋ ਗੋਲੀਆਂ ਉਸ ਨੂੰ ਮਾਰੀਆਂ ਸਨ।

ਮੈਂ ਅੰਗਰੇਜ਼ੀ ਰਾਜ ਦੇ ਅਧੀਨ ਭਾਰਤ ਦੇ ਲੋਕਾਂ ਨੂੰ ਭੁੱਖੇ ਮਰਦਿਆਂ ਵੇਖਿਆ ਹੈ। ਮੈਂ ਇਸ ਦਾ ਵਿਰੋਧ ਕੀਤਾ ਹੈ। ਇਹ ਮੇਰਾ ਫ਼ਰਜ਼ ਸੀ। ਮੈਨੂੰ ਇਸ ਤੋਂ ਜ਼ਿਆਦਾ ਮਾਣ ਕੀ ਮਿਲ ਸਕਦਾ ਹੈ ਕਿ ਮੈਂ ਆਪਣੀ ਮਾਤ ਭੂਮੀ ਲਈ ਕੁਰਬਾਨ ਹੋ ਰਿਹਾ ਹਾਂ। ਮੈਨੂੰ ਪਰਵਾਹ ਨਹੀਂ, ਭਾਵੇਂ ਮੈਨੂੰ 10, 20, 50 ਸਾਲ ਦੀ ਕੈਦ ਜਾਂ ਮੌਤ ਦੀ ਸਜ਼ਾ ਦੇ ਦਿਤੀ ਜਾਵੇ।'

ਓਲਡ ਬੇਲੀ ਦੀ ਸੈਂਟਰਲ ਕਰਿਮੀਨਲ ਕੋਰਟ ਨੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿਤੀ। ਉਹਨਾਂ ਨੂੰ ਓਡਵਾਇਰ ਨੂੰ ਮਾਰਨ ਦੇ ਦੋਸ਼ ਵਿਚ 31 ਜੁਲਾਈ, 1940 ਨੂੰ ਪੇਟਨਵਿਲਾ ਦੀ ਜੇਲ੍ਹ ਵਿਚ ਫ਼ਾਂਸੀ ਦੇ ਦਿਤੀ ਗਈ।

ਕੁਝ ਖ਼ੱਤ ਜਿਹੜੇ ਉਨ੍ਹਾਂ ਨੇ ਆਪਣੇ ਮਿਤਰਾਂ ਨੂੰ ਜੇਲ੍ਹ ਵਿਚੋਂ ਲਿਖੇ ਸਨ, ਉਹਨਾਂ ਤੋਂ ਪਤਾ ਲੱਗਦਾ ਹੈ ਕਿ ਸ਼ਹੀਦ ਊਧਮ ਸਿੰਘ ਕਿੰਨੇ ਨਿੱਡਰ ਅਤੇ ਕ੍ਰਾਂਤੀਕਾਰੀ ਦੇਸ਼ ਭਗਤ ਸਨ। ਉਨ੍ਹਾਂ ਵਿਚੋਂ ਇਕ ਖ਼ੱਤ ਵਿਚ ਉਨ੍ਹਾਂ ਇਸ ਤਰ੍ਹਾਂ ਲਿਖਿਆ ਸੀ :—

'ਸ੍ਰੀਮਾਨ ਜੀ ਕਾਨੂੰਨ ਰਾਹੀਂ ਮੇਰੇ ਬਚਾਓ ਲਈ ਪੈਸਾ, ਸਮਾਂ ਅਤੇ ਸ਼ਕਤੀ ਅਜਾਂਈ ਨਾ ਗੁਆਓ। ਮੈਂ ਆਪਣਾ ਕੰਮ ਪੂਰਾ ਕਰ ਲਿਆ ਹੈ, ਹੁਣ ਜੱਜ ਨੂੰ ਆਪਣਾ ਕੰਮ ਕਰਨ ਦਿਓ। ਮੈਂ ਜਾਣਦਾ ਹਾਂ ਕਿ ਉਹ ਮੈਨੂੰ ਹਰ ਹਾਲਤ ਵਿਚ ਫ਼ਾਂਸੀ ਦੇਣਗੇ। ਪਰ ਪਰਵਾਹ ਕਾਹਦੀ ! ਮੈਨੂੰ ਪੜ੍ਹਨ ਲਈ ਕੁਝ ਚੰਗੀਆਂ ਕਿਤਾਬਾਂ ਭੇਜ ਦਿਓ, ਇਹੋ ਇਕ ਚੀਜ਼ ਮੈਂ ਤੁਹਾਡੇ ਕੋਲੋਂ ਲੈਣੀ ਚਾਹੁੰਦਾ ਹਾਂ।'

ਇਕ ਹੋਰ ਖ਼ੱਤ ਵਿਚ ਉਨ੍ਹਾਂ ਆਪਣੇ ਮਿੱਤਰਾਂ ਨੂੰ ਲਿਖਿਆ ਸੀ :—

'ਜਦ ਦਾ ਮੈਂ ਇਥੇ ਆਇਆ ਹਾਂ ਮੇਰਾ ਭਾਰ ਵੱਧ ਗਿਆ ਹੈ। ਮੈਂ ਫ਼ਾਂਸੀ ਦੇ ਫੰਦੇ ਨੂੰ ਬੜੀ ਉਤਸੁਕਤਾ ਨਾਲ ਉਡੀਕ ਰਿਹਾ ਹਾਂ। ਮੈਂ ਕੈਦੀ ਨਹੀਂ ਹਾਂ, ਮੈਂ ਮਲਕਾ ਦੀ ਸਰਕਾਰ ਦਾ ਮਹਿਮਾਨ ਹਾਂ। ਉਹ ਮੈਨੂੰ ਪੂਰਨ ਆਰਾਮ ਨਾਲ ਰੱਖਦੇ ਹਨ।'

ਸਥਾਈ ਕਾਲਮ

**ਸਾਜ਼ ਅਤੇ ਆਵਾਜ਼**

(ਸੱਭਿਆਚਾਰਕ- ਸਰਗਰਮੀਆਂ)

# ਪੰਜਾਬੀ ਲੋਕ-ਗੀਤਾਂ ਦੇ ਰੂਪ

ਅਮਰਜੀਤ ਕੌਰ ਪੂਮਣ

ਜਦ ਕਿਸੇ ਕੌਮ ਜਾਂ ਦੇਸ ਦੇ ਅੰਦਰ ਕਵਿਤਾ ਜਨਮ ਲੈਂਦੀ ਹੈ ਤਾਂ ਉਹ ਤੁਕਾਂਤਕ ਰੂਪ ਵਿਚ ਹੀ ਹੁੰਦੀ ਹੈ, ਪਰ ਤੁਕਾਂਤ ਹਮੇਸ਼ਾਂ ਬਾਕਾਇਦਾ ਪਿੰਗਲ ਦੇ ਅਸੂਲਾਂ ਮੁਤਾਬਕ ਨਹੀਂ ਹੁੰਦਾ ਸਗੋਂ ਅਰੰਭ ਵਿਚ ਤਾਂ ਉਹ ਅਨਘੜੀ ਜਿਹੀ ਸ਼ਕਲ ਵਿਚ ਹੀ ਹੁੰਦਾ ਹੈ। ਜਦ ਇਨਸਾਨ ਆਪਣੇ ਰੰਗ ਵਿਚ ਆਉਂਦਾ ਹੈ ਤਾਂ ਉਹ ਨਚਣ ਜਾਂ ਗਾਉਣ ਲਗ ਪੈਂਦਾ ਹੈ। ਇਸ ਹਰਕਤ ਵਿਚ ਰਾਗ ਅਤੇ ਮਾੜੀ ਮੋਟੀ ਕਵਿਤਾ ਸੰਮਿਲਤ ਹੁੰਦੇ ਹਨ। ਇਹ ਭਾਵ ਮਨੁੱਖਾਂ ਨਾਲੋਂ ਇਸਤਰੀਆਂ ਵਿਚ ਬਹੁਤਾ ਹੁੰਦਾ ਹੈ। ਇੰਜ ਜਾਪਦਾ ਹੈ ਕਿ ਜਦ ਵੀ ਸਮਾਜ ਨੇ ਵਿਕਾਸ ਅਰੰਭ ਕੀਤਾ ਤਾਂ ਇਸਤਰੀ ਮਨੁਖ ਦੇ ਅਗੇ ਅਗੇ ਚਲਦੀ ਰਹੀ ਹੈ। ਵਿਆਹ ਸ਼ਾਦੀ ਦੇ ਮੌਕੇ ਉਤੇ ਵਰਤੇ ਜਾਣ ਵਾਲੇ ਗੀਤ ਬਹੁਤੇ ਤੀਵੀਆਂ ਦੇ ਹੀ ਕਹੇ ਹੋਏ ਹਨ ਤੇ ਇਨ੍ਹਾਂ ਦੀ ਰਚਨਾਂ ਦਾ ਅਰੰਭ ਹੋਏ ਨੂੰ ਵੀ ਢੇਰ ਸਮਾ ਹੋ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਸਮਕਾਲੀਨ ਪ੍ਰਸਥਿਤੀਆਂ ਦੇ ਨਾਲ ਨਾਲ ਇਨ੍ਹਾਂ ਗੀਤਾਂ ਵਿਚ ਥੋੜ੍ਹੀ ਬਹੁਤ ਤਬਦੀਲੀ ਹੁੰਦੀ ਰਹੀ ਹੈ। ਲੋਕ ਗੀਤਾਂ ਵਿਚੋਂ ਕਈ ਅਜਿਹੀਆਂ ਉਦਾਹਰਣਾਂ ਹਨ, ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਇਹ ਗੀਤ ਕਿਸੇ ਵਿਦਵਾਨ ਜਾਂ ਪੜ੍ਹੇਲਿਖੇ ਦੀ ਘਾੜਤ ਨਹੀਂ ਹਨ ਸਗੋਂ ਇਹ ਸਾਧਾਰਨ ਪੇਂਡੂ ਮਰਦ-ਔਰਤ ਦੇ ਅਗੰਮੀ ਮੂੰਹੋਂ ਨਿਕਲਣ ਵਾਲੇ ਬੋਲ ਹਨ:

'ਨਾ ਮੈਂ ਮੇਲਣੇ ਪੜ੍ਹੀ ਗੁਰਮੁਖੀ,
ਨਾ ਮੈਂ ਬੈਠੀ ਡੇਰੇ ।'
ਨਿਤ ਨਵੀਆਂ ਮੈਂ ਜੋੜਾਂ ਬੋਲੀਆਂ,
ਬਹਿ ਕੇ ਮੋਟੇ ਨ੍ਹੇਰੇ।
ਗੀਤ ਅਗੰਮੀ ਨਿਕਲਨ ਮੂੰਹੋਂ,
ਵੱਸ ਨਹੀਂ ਕੁਝ ਮੇਰੇ ।
ਮੇਲਣੇ ਨੱਚ ਲੈ ਨੀ,
ਦੇ ਦੇ ਸ਼ੌਂਕ ਦੇ ਗੇੜੇ ।,

'(ਗਿੱਧੇ ਦੀ ਬੋਲੀ)

ਪੰਜਾਬੀਆਂ ਨੇ ਲੋਕ ਗੀਤਾਂ ਨੂੰ ਵੱਖ ਵੱਖ ਮੌਕਿਆਂ ਦੀ ਲੋੜ ਨੂੰ ਮੁਖ ਰਖਦਿਆਂ ਹੋਇਆਂ ਇਨ੍ਹਾਂ ਨੂੰ ਵੱਖ ਵੱਖ ਕਾਵਿ ਰੂਪਾਂ ਵਿਚ ਬੰਨ੍ਹ ਦਿਤਾ ਹੈ, ਜਿਵੇਂ: ਘੋੜੀਆਂ (ਮੁੰਡਿਆਂ ਦੇ ਜਨਮ ਅਤੇ ਵਿਆਹ ਉਤੇ ਸ਼ੁਭ ਇਛਾਵਾਂ ਦੇ ਗੀਤ), ਸੁਹਾਗ (ਕੁੜੀਆਂ ਦੇ ਵਿਆਹ ਉਤੇ ਸ਼ੁਭ ਇਛਾਵਾਂ ਦੇ ਗੀਤ), ਕਾਮਨ (ਘਰ ਆਏ ਲਾੜੇ ਨੂੰ ਗੀਤਾਂ ਵਿਚ ਹਾਸਾ ਤੇ ਮਖੌਲ), ਸਿਠਣੀਆਂ (ਗੀਤਾਂ ਰਾਹੀਂ ਲਾੜੇ ਤੇ ਜਾਂਞੀਆਂ ਨਾਲ ਹਾਸ ਰਸ), ਗਾਉਣ (ਵਿਆਹਾਂ ਵਿਚ ਘੋੜੀਆਂ ਤੇ ਸੁਹਾਗ ਦੇ ਗੀਤਾਂ ਤੋਂ ਬਿਨਾਂ ਤੀਵੀਂ ਮਰਦ ਦੇ ਆਪਸੀ ਪਿਆਰ ਦੇ ਗੀਤ)ਇਨ੍ਹਾਂ ਤੋਂ ਉਪਰੰਤ ਢੋਲੇ, ਮਾਹੀਏ, ਜਿੰਦੂਏ, ਰੇਲਾਂ ਆਦਿ ਮਨ ਪਰਚਾਵੇ ਦੇ ਟੱਪੇ ਗਾਉਣਾਂ ਦੇ ਅਖੀਰ ਵਿਚ ਢੋਲਕੀ ਨਾਲ ਗੀਟਾ ਮਾਰ ਕੇ ਗਾਏ ਜਾਂਦੇ ਹਨ।

ਵਿਆਹ ਸ਼ਾਦੀਆਂ ਤੋਂ ਬਿਨਾਂ ਪੰਜਾਬ ਦੇ ਦੈਨਿਕ ਜੀਵਨ ਸਬੰਧੀ ਵੀ ਬਹੁਤ ਸਾਰੇ ਗੀਤ ਗਾਏ ਜਾਂਦੇ ਹਨ। ਨਿੱਕੀਆਂ ਨਿੱਕੀਆਂ ਕੁੜੀਆਂ ਥਾਲ ਤੇ ਕਿਕਲੀ ਪਾਉਂਦੀਆਂ ਹਨ। ਮੁਟਿਆਰ ਕੁੜੀਆਂ ਤੇ ਵਹੁਟੀਆਂ ਘਰ ਤੋਂ ਬਾਹਰ ਨਿਕਲ ਕੇ ਨਵੇਕਲੀ ਜਹੀ ਥਾਂ ਉਤੇ ਜਾ ਕੇ ਗਿੱਧਾ ਪਾਉਂਦੀਆਂ, ਗੀਤ ਗਾਉਂਦੀਆਂ ਤੇ ਨੱਚਦੀਆਂ ਹਨ। ਉਹ ਅਨਜੋੜ ਮੰਗੇਤਰ ਬਾਰੇ, ਸਹੁਰੇ ਬੈਠੀਆਂ ਨੂੰ ਵੀਰਾਂ ਭਰਾਵਾਂ ਦੀ ਯਾਦ, ਪਰਦੇਸ ਗਏ ਪ੍ਰੀਤਮ ਦੀ ਯਾਦ, ਮਾਂ ਦੇ ਕਰਾਏ ਲਾਡ-ਪਿਆਰ ਦੀ ਯਾਦ, ਸੱਜਾਂ ਦੀ ਸਖ਼ਤੀ ਤੇ ਗਿਲੇ ਸ਼ਿਕਵੇ, ਆਦਿ ਅਨੇਕਾਂ ਪੱਖਾਂ ਉਤੇ ਗੀਤ ਗਾਉਂਦੀਆਂ ਹਨ। ਇਸ ਤੋਂ ਬਿਨਾਂ ਜੀਵਨ ਦੇ ਅੰਤ ਸਮੇਂ ਬਾਰੇ ਵਿਛੜ ਗਿਆਂ ਦੇ ਵੈਣ ਤੇ ਅਲਾਹੁਣੀਆਂ ਵੀ ਜ਼ਿੰਦਗੀ ਦਾ ਇਕ ਹਿੱਸਾ ਹਨ। ਸਿਆਪਿਆਂ ਵਿਚ ਬੋਲੇ ਜਾਣ ਵਾਲੇ ਬੜੇ ਦਿਲਚੀਰਵੇਂ ਟੱਪੇ ਪੰਜਾਬੀ ਇਸਤਰੀਆਂ ਦੇ ਹੀ ਘੜੇ ਹੋਏ ਹੁੰਦੇ ਹਨ। ਇਸ ਤਰ੍ਹਾਂ ਸਮੁੱਚਾ ਪੰਜਾਬੀ ਜੀਵਨ ਗੀਤਾਂ ਤੇ ਮਲ੍ਹਾਰਾਂ ਦਾ ਜੀਵਨ ਹੈ। ਇਥੇ ਜਨਮ ਤੋਂ ਮਰਨ ਤਕ ਦੇ ਹਰ ਸਮੇਂ ਬਾਰੇ ਗੀਤ ਮਿਲਦੇ ਹਨ।

ਮਨੁੱਖਾਂ ਦੀ ਕਵਿਤਾ ਇਸਤਰੀਆਂ ਤੋਂ ਭਾਰੀ ਹੁੰਦੀ ਹੈ। ਉਥੇ ਢੋਲਕੀ ਦੀ ਥਾਂ ਢੋਲ ਮਲ ਲੈਂਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਧਮਾਲ, ਧਮਾਕੜ, ਬਾਘੀ, ਭੰਗੜਾ, ਲੁੱਡੀ, ਜੱਲੀ, ਆਦਿ ਮਨ ਪਰਚਾਵੇ ਦੇ ਸਾਧਨ ਹਨ। ਉਹ ਵੱਖ ਵੱਖ ਤਿਉਹਾਰਾਂ ਜਾਂ ਦਿਨ ਦਿਹਾੜਿਆਂ ਉਤੇਇਕੱਠੇ ਹੋ ਕੇ ਬੋਲੀਆਂ ਪਾਉਂਦੇ ਤੇ ਨੱਚਦੇ ਕੁੱਦਦੇ ਹਨ। ਇਸੇ ਤਰ੍ਹਾਂ ਉਹ ਸਮੇਂ ਸਮੇਂ ਵੰਝਲੀ, ਅਲਗੋਜ਼ਾ, ਤੂੰਬਾ, ਕਾਟੋ, ਸੁਰਾਂ, ਸੱਦਾਂ, ਢੋਲੇ, ਝੋਕ, ਦੋਹੜੇ ਤੇ ਹੋਰ ਕਈ ਨਵੇਂ ਗੀਤ ਜੋੜ ਲੈਂਦੇ ਹਨ।

ਪੰਜਾਬੀ ਲੋਕ ਗੀਤਾਂ ਦੇ ਮੁਖ ਕਾਵਿ ਰੂਪ ਥਾਲ,ਕਿੱਕਲੀ, ਟੱਪੇ, ਦੂਹਰੀਆ ਬੋਲੀਆਂ, ਗਿਧੇ ਦੀਆਂ ਬੋਲੀਆਂ, ਭੰਗੜੇ ਦੀਆ ਬੋਲੀਆ ਮਾਹੀਏ ਦੇ ਟੱਪੇ, ਢੋਲੇ ਦੇ ਟੱਪੇ, ਜਿੰਦੂਆ, ਰੋਲ, ਘੀਉੜੇ, ਦੋਹੜੇ, ਸਿਠਣੀਆਂ, ਛੰਦੇ, ਕਾਮਣ, ਰੁਮਾਲ, ਸੁਹਾਗ, ਘੋੜੀਆਂ ਲੋਰੀਆਂ ਛੰਦ, ਝੋਕ, ਲੰਮੇ ਗੀਤ ਆਦਿ ਹਨ।

ਛੋਟੀ ਉਮਰ ਦੀਆਂ ਕੁੜੀਆਂ ਘਰ ਬੈਠ ਕੇ ਥਾਲ ਤੇ ਕਿੱਕਲੀ ਪਾਉਂਦੀਆਂ ਹਨ। ਜੇ ਜੋਟੀ ਹੋਵੇ ਤਾਂ ਕਿੱਕਲੀ ਨਾਲ ਵੀ ਥਾਲਾਂ ਦਾ ਤਾਨ ਮਨਾ ਲੈਂਦੀਆਂ ਹਨ ਤੇ ਜੇਦੂਜੀ ਸਾਥਣ ਨਾਲ ਕਿੱਕਲੀ ਪਾਉਣ ਵਾਲੀ ਨਾ ਹੋਵੇ ਤਾਂ ਗੇਂਦ ਨੂੰ ਉਸੇ ਤਾਨ ਨਾਲ ਹਥ ਮਾਰ ਮਾਰ ਕੇ ਉਛਾਲਦੀਆਂ ਤੇ ਥਾਲ ਪੜ੍ਹਦੀਆਂ ਤੇ ਨਚਦੀਆਂ ਹਨ:

ਥਾਲ :

'ਦੂਜਾ ਥਾਲ ਪਾ ਕੇ, ਬੈਠੀ ਮੁਸ਼ਕ ਲਾਹ ਕੇ,
ਵੀਰ ਆਇਆ ਨ੍ਹਾ ਕੇ ਰੋਟੀ ਦਿਤੀ ਪਾ ਕੇ ।
ਆਂਦਿਆ ਵੇ ਜਾਂਦਿਆ, ਭੂਰੇ ਵਾਲੇ ਵੀਰਾ,
ਸੋਨੇ ਦਾ ਮੈਂ ਹੱਸ ਘੜਾਂਦਿਆਂ, ਚਾਂਦੀ ਦਾ ਕਚੀਰਾ।
ਆਲ ਬੀਬਾ ਆਲ, ਮੇਰਾ ਪੂਰਾ ਹੋਇਆ ਥਾਲ ।'

ਕਿਕਲੀ :

'ਕਿਕਲੀ ਕਲੀਰ ਦੀ,
ਪੱਗ ਮੇਰੇ ਵੀਰ ਦੀ,
ਦੁੱਪਟਾ ਮੇਰੇ ਭਾਈ ਦਾ,
ਫਿਟੇ ਮੂੰਹ ਜਵਾਈ ਦਾ।
ਵੀਰ ਮੇਰਾ ਆਵੇਗਾ,
ਭਾਬੋ ਨੂੰ ਲਿਆਵੇਗਾ ।
ਸੋਹੇਲੀਆਂ ਸਦਵਾਵਾਂਗੇ,
ਨੱਚਾਂਗੇ ਤੇ ਗਾਵਾਂਗੇ ।.

ਟੱਪੇ :

ਨਿੱਕੇ ਨਿੱਕੇ ਵਾਕਾਂ ਨੂੰ ਇਕ ਖ਼ਿਆਲ ਵਿਚ ਲੈਂਦਿਆਂ ਜਾਵੇ ਤਾਂ ਉਸ ਨੂੰ ਟੱਪਾ ਕਹਿੰਦੇ ਹਨ। ਟੱਪੇ ਦਾ ਪ੍ਰਭਾਵ ਸਿਧਾ ਪੈਂਦਾ ਹੈ। ਪੰਜਾਬ ਵਿਚ ਇਨ੍ਹਾਂ ਟੱਪਿਆਂ ਦਾ ਰਿਵਾਜ ਘਰ ਘਰ ਤੇ ਪਿੰਡ ਪਿੰਡ ਵਿਚ ਹੈ:

'ਖੰਭ ਕਾਲੇ ਕਾਵਾਂ ਦੇ,
ਧੀਆਂ ਪਰਦੇਸ ਗਈਆਂ ਦਿਨ ਜਿਗਰੇ ਮਾਵਾਂ ਦੇ ।,
'ਸੜਕੇ ਦੇ ਰੁਖ ਵਢਿਆ,
ਜਿਨ੍ਹਾਂ ਯਾਰੀ ਨਹੀਂ ਲਾਈ ਉਨ੍ਹਾਂ ਦੁਨੀਆਂ 'ਚ ਕੀ ਖੱਟਿਆ

ਦੂਹਰੀ ਬੋਲੀ :

ਇਸ ਨੂੰ ਗਾਉਣ ਲਈ ਕੁੜੀਆਂ ਦੋ ਟੋਲੀਆਂ ਬਣਾ ਲੈਂਦੀਆਂ ਹਨ। ਇਕ ਟੋਲੀ ਪਹਿਲੀ ਤੁਕ ਬੋਲਦੀ ਹੈ ਤੇ ਨਾਲ ਗਿੱਧਾ ਪਾਉਂਦੀ ਹੈ ਪਰ ਨੱਚਿਆਂ ਨਹੀਂ ਜਾਂਦਾ ਤੇ ਇਸੇ ਤਰ੍ਹਾਂ ਹੀ ਦੂਜੀ ਤੁਕ ਦੂਜੀ ਟੋਲੀ ਬੋਲਦੀ ਤੇ ਗਿੱਧਾ ਪਾਉਂਦੀ ਹੈ। ਇਸ ਬੋਲੀ ਨੂੰ ਗਾਉਣ ਲਈ ਕੁੜੀਆਂ ਦੇ ਦੋ ਦੋ ਗਰੁਪ ਚਾਹੀਦੇਹਨ। ਇਸ ਲਈ ਇਸ ਨੂੰ ਦੂਹਰੀ ਬੋਲੀ ਕਿਹਾ ਜਾਂਦਾ ਹੈ।

ਪੇਂਡੂ ਜੀਵਨ ਦੇ ਵਖੋ ਵਖ ਸਮਿਆਂ-ਵਿਆਹ ਸ਼ਾਦੀ, ਮੇਲੇ, ਤੀਆਂ, ਤ੍ਰਿੰਜਣ, ਆਦਿ ਖੁਸ਼ੀ ਦੇ ਮੌਕਿਆਂ ਤੇ ਨੱਚਣ ਟਪਣ ਵੇਲੇ ਇਹ ਕਿਵਤਾ ਨਿੱਕੇ ਨਿੱਕੇ ਬਹਿਰ ਵਿਚ ਬੋਲੀ ਜਾਂਦੀ ਹੈ ਤੇ ਉਸ ਦੇ ਨਾਲ ਨਾਲ ਨੱਚਿਆ ਜਾਂਦਾ ਹੈ। ਇਨ੍ਹਾਂ ਦਾ ਅਸਰ ਸਿਧਾ, ਸਪੱਸ਼ਟ ਤੇ ਭਾਵਪੂਰਤ ਹੁੰਦਾ ਹੈ। ਇਨ੍ਹਾਂ ਰਾਹੀਂ ਪੰਜਾਬੀ ਨੱਢੇ ਨਢੀਆਂ ਆਪਣੇ ਭਾਵਾਂ ਨੂੰ ਬਿਨਾਂ ਕਿਸੇ ਸੰਕੋਚ ਦੇ ਪੇਸ਼ ਕਰਦੇ ਹਨ:

'ਮੇਰੀ ਸੱਸ ਭਰਮਾਂ ਦੀ ਮਾਰੀ,
ਹੱਸ ਕੇ ਨਾ ਲੰਘ ਮਿੱਤਰਾ ।,

'ਬਣ ਕੇ ਕਬੂਤਰ ਚੀਨਾ,
ਗਿੱਧੇ ਵਿਚ ਆ ਜਾ ਪਤੀਏ ।,

'ਤੇਰੀ ਸਜਰੀ ਪੈੜ ਦਾ ਰੇਤਾ,
ਚੁਕ ਚੁਕ ਲਾਵਾਂ ਹਿੱਕ ਨੂੰ ।,

ਗਿੱਧੇ ਦੀ ਬੋਲੀ:

ਇਸ ਬੋਲੀ ਨੂੰ ਕੇਵਲ ਇਕੋ ਕੁੜੀ ਬੋਲਦੀ ਹੈ। ਉਸ ਵੇਲੇ ਬਾਕੀ ਦੀਆਂ ਚੁੱਪ ਕਰਕੇ ਖੜੀਆਂ ਰਹਿੰਦੀਆਂ ਹਨ। ਜਦ ਉਹ ਕੁੜੀ ਅਖੀਰਲੀ ਤੁਕ ਤੇ ਪੁੱਜ ਜਾਂਦੀ ਹੈ ਤਾਂ ਉਸ ਸਣੇ ਬਾਕੀ ਸਾਰੀਆਂ ਅਖੀਰਲੀ ਤੁਕ ਨੂੰ ਚੁੱਕ ਲੈਂਦੀਆਂ ਹਨ ਤੇ ਗਿੱਧਾ ਪਾਉਣ ਲਗ ਪੈਂਦੀਆਂ ਹਨ ਅਤੇ ਦੋ ਕੁੜੀਆਂ ਟੋਲੀ ਦੇ ਗੋਲ ਘੇਰੇ ਵਿਚ ਨੱਚਣ ਲੱਗ ਪੈਂਦੀਆਂ ਹਨ:

'ਦੁੱਧ ਬਣ ਜਾਨੀਆਂ,
ਮਲਾਈ ਬਣ ਜਾਨੀਆਂ।
ਜੇਬ ਵਿਚ ਪਾ ਲੈ ਵੇ,
ਰੁਮਾਲ ਬਣ ਜਾਨੀਆਂ।'
'ਕਠੀਆਂ ਹੋ ਕੇ ਆਈਆਂ ਗਿੱਧੇ ਵਿਚ,
ਇਕੋ ਜਿਹੀਆਂ ਮੁਟਿਆਰਾਂ ।

ਛਾਨਣ ਦੇ ਵਿਚ ਏਦਾਂ ਛੁਮਕਣ,
ਜਿਉਂ ਸੋਨੇ ਦੀਆਂ ਤਾਰਾਂ।
ਦੂਹਰੀਆਂ ਹੋ ਹੋ ਨਚਣ ਕੁੜੀਆਂ
ਜਿਉਂ ਹਰਨਾਂ ਦੀਆਂ ਡਾਰਾਂ।
ਜ਼ੋਰ ਜਵਾਨੀ ਦਾ,
ਲੁਟ ਲੈ ਮੌਜ ਬਹਾਰਾਂ।,

ਗਿੱਧੇ ਦੇ ਗੀਤਾਂ ਵਿਚ ਛੰਦਾ ਬੰਦੀ ਦਾ ਵਿਕਾਸ ਹੋਇਆ ਹੈ। ਪਹਿਲਾਂ ਗਿੱਧੇ ਵਿਚ ਕੇਵਲ ਦੋ ਸਤਰੇ ਟੋਟਕੇ ਦਾ ਰਿਵਾਜ ਰਿਹਾ ਹੈ, ਜਿਵੇਂ:

'ਕਦੇ ਪਾ ਵਤਨਾ ਵਲ ਫੇਰਾ
ਕੂੰਜੇ ਪਹਾੜ ਦੀਏ।'

ਫੇਰ ਇਸ ਨਾਲ 'ਖਟ ਕੇ ਲਿਆਂਦਾ' ਜੁੜਨ ਲਗ ਪਿਆ ਤੇ ਉਸ ਉਪਰੰਤ ਲੜੀਦਾਰ ਬੋਲੀਆਂ ਦਾ ਰਿਵਾਜ ਪੈ ਗਿਆ ਤੇ ਕਈ ਕਈ ਬੋਲੀਆਂ ਇਕੱਠੀਆਂ ਹੋ ਗਈਆਂ। ਬੋਲੀਆਂ ਨਾਲ ਪਹਿਲੋਂ ਇਸ ਤਰ੍ਹਾਂ ਦੇ ਵਾਕ ਵੀ ਜੋੜੇ ਜਾਣ ਲਗ ਪਏ:

'ਪਿੰਡਾਂ ਵਿਚੋਂ ਪਿੰਡ ਛਾਂਟਿਆ,
ਪਿੰਡ ਛਾਂਟਿਆ ਖਾਰੀ।'

ਟੱਪਿਆਂ ਤੋਂ ਥੋੜ੍ਹੀ ਬਹੁਤੀ ਤਬਦੀਲੀ ਨਾਲ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਭੰਗੜੇ ਦੀਆਂ ਬੋਲੀਆਂ, ਮਾਹੀਏ ਦੇ ਟੱਪੇ, ਢੋਲੇ ਦੇ ਟੱਪੇ ਆਦਿ ਰੂਪ ਵੀ ਪ੍ਰਚਲਤ ਹਨ; ਇਨ੍ਹਾਂ ਦੀ ਆਪਸੀ ਬਣਤਰ ਵਿਚ ਬਹੁਤਾ ਫਰਕ ਨਹੀਂ ਹੈ। ਇਨ੍ਹਾਂ ਵਿਚ ਫਰਕ ਕੇਵਲ ਏਨਾ ਹੈ ਕਿ ਇਥੇ ਆਪਣੇ ਭਾਵਾਂ ਨੂੰ ਰਾਗ ਵਿਚ ਪੇਸ਼ ਕਰਨ ਤੇ ਕਾਫੀਆ ਮੇਲਣ ਲਈ, ਸਾਡੇ ਦੈਨਿਕ ਜੀਵਨ ਦੀ ਕਿਸੇ ਵਸਤੂ ਦਾ ਸਹਾਰਾ ਲਿਆ ਜਾਂਦਾ ਹੈ ਤਾਂ ਕਿ ਅਗੋਂ ਆਖੀ ਜਾਣ ਵਾਲੀ ਗੱਲ ਪੂਰੇ ਜ਼ੋਰ ਨਾਲ ਕਹੀ ਜਾ ਸਕੇ।

ਭੰਗੜੇ ਦੀ ਬੋਲੀ :

'ਬਾਹਰੀਂ ਬਰਸੀਂ ਖਟਣੇ ਨੂੰ ਘਲਿਆ,
ਖਟ ਕੇ ਲਿਆਂਦੇ ਪਾਵੇ।
ਬਾਬੇ ਨੇ ਵਰ ਟੋਲਿਆ,
ਜੀਹਨੂੰ ਪਗ ਬੰਨ੍ਹਣੀ ਨਾ ਆਵੇ।'

ਮਾਹੀਏ ਦੇ ਟੱਪੇ :

'ਬਾਗੇ ਵਿਚ ਆ ਮਾਹੀਆ,
ਨਾਲੇ ਸਾਡੀ ਗਲ ਸੁਣ ਜਾ,
ਨਾਲੇ ਘੜਾ ਵੇ ਚੁਕਾ ਮਾਹੀਆ।'
'ਨਾਂ ਤੇਰਾ ਲੀਤਾ ਈ,
ਸਚ ਦਸ ਤੂੰ ਮਾਹੀਆ,
ਕਦੀ ਯਾਦ ਵੀ ਕੀਤਾ ਈ।'

ਢੋਲੇ ਦੇ ਟੱਪੇ :

'ਬਾਜ਼ਾਰ ਵਿਕੇਂਦੀ ਖੰਡ ਵੇ,
ਤੂੰ ਮਿਸਰੀ ਤੇ ਮੈਂ ਗੁਲਕੰਦ ਵੇ,
ਦੋਵੇਂ ਚੀਜ਼ਾਂ ਮਿਠੀਆ ਵੇ ਢੋਲਾ।'

ਬਾਰ ਦੇ ਢੋਲੇ ਬਹੁਤ ਮਸ਼ਹੂਰ ਹਨ। ਇਹ ਆਮ ਤੌਰ ਤੇ ਢੋਲਕੀ ਨਾਲ ਗਾਏ ਜਾਂਦੇ ਹਨ।

ਟਪਿਆਂ ਨਾਲ ਰਲਦੇ ਮਿਲਦੇ ਦੋ ਹੋਰ ਵਖਰੀ ਵਖਰੀ ਧਾਰਨ ਦੇ ਗੀਤ ਜਿੰਦੂਆਂ ਤੇ ਰੇਲ ਹਨ :

ਜਿੰਦੂਆ :

'ਜਿੰਦੂਆ ਜੇ ਚਲਿਓਂ ਸਿਆਲਕੋਟ,
ਉਡ ਗਈਆਂ ਚਿੜੀਆਂ ਰਹਿ ਗਏ ਬੋਟ,
ਕਿ ਇਕ ਪਲ ਬਹੀ ਜਾਣਾ।'

ਰੇਲ :

'ਰੇਲਾਂ ਵਾਲਿਆ ਰੇਲਾਂ ਵਿਚ ਕਾਨੀ ਆ,
ਫਿਟ ਤੇਰੇ ਸ਼ਮਲੇ ਨੂੰ ਘਰ ਭੁਖੀ ਜਨਾਨੀ ਆ।'

ਖੀਉੜੇ :

ਖੀਉੜੇ ਬੋਲਣ ਲਈ ਵਿਆਹਾਂ ਸ਼ਾਦੀਆਂ ਵਿਚ ਦੋ ਜਣੇ ਵਖਰੇ ਵਖਰੇ ਮਕਾਨਾਂ ਤੇ ਬੈਠ ਕੇ ਸਵਾਲ ਜਵਾਬ ਕਰਦੇ ਹਨ। ਮੌਲਾ ਬਖਸ਼ ਕੁਸ਼ਤਾ ਅਨੁਸਾਰ, 'ਇਸ ਦਾ ਰਿਵਾਜ 1892 ਈ: ਤੋਂ ਸ਼ੁਰੂ ਹੋ ਕੇ 1914 ਈ: ਵਿਚ ਬੜਾ ਪਰ-ਚਲਤ ਰਿਹਾ। ਲਾਹੌਰ ਵਿਚ ਕਰਮਾਂ ਚੂਹੜੀ ਤੇ ਝੰਡੀ ਚੰਗੜੀ ਅਤੇ ਅੰਮ੍ਰਿਤਸਰ ਦਾ ਫੀਰੂ ਧੋਬੀ ਤੇ ਉਸਦਾ ਸ਼ਾਗਿਰਦ ਹੁਸੈਨ ਬਖਸ਼ ਬੜੇ ਪ੍ਰਸਿਧ ਬੁਲਾਰੇ ਸਨ। ਰਾਤ ਨੂੰ 11-12 ਵਜੇ ਸ਼ੁਰੂ ਕਰਕੇ ਦਿਨ ਚੜ੍ਹਾ ਦਿਆ ਕਰਦੇ ਸਨ। ਲੋਕ ਇਹ ਖੀਉੜੀਆਂ ਸੁਣਨ ਵਾਸਤੇ ਗਲੀਆਂ ਦੇ ਥੜ੍ਹਿਆਂ ਉਤੇ ਬੈਠੇ ਰਹਿੰਦੇ ਸਨ। ਅਜੇ ਭੀ ਖੀਉੜੀਆਂ ਸੁਣਨ ਦਾ ਸ਼ੌਕ ਮੌਜੂਦ ਹੈ, ਪਰ ਅਗੇ ਨਾਲੋਂ ਬਹੁਤ ਘਟ।' ਨਮੂਨੇ :

ਪੁਛ ਨ ਪੈਂਦੇ ਮਾਮਲੇ ਵੇ ਮੈਂ ਵਾਰੀਆਂ
ਨੇਂਹੁ ਨਾ ਲਗਦੇ ਜ਼ੋਰ ਵੇ ਮੈਂ ਵਾਰੀਆਂ
ਆਸ਼ਕ ਰੇ ਵਰਿਆਮ ਨੂੰ ਵੇ ਮੈਂ ਵਾਰੀਆਂ
ਪਈ ਉਡੀਕੇ ਮੌਰ ਵੇ ਮੈਂ ਵਾਰੀਆਂ
ਆਸ਼ਕ ਗਲ ਜ਼ੰਜੀਰੀਆਂ ਵੇ ਮੈਂ ਵਾਰੀਆਂ
ਜਿਉਂ ਲਾਟੂ ਗਲ ਡੋਰ ਵੇ ਮੈਂ ਵਾਰੀਆਂ
ਗੋਰੀ ਝੂਰੇ ਕੁਖ ਨੂੰ ਵੇ ਮੈਂ ਵਾਰੀਆਂ
ਜਿਉਂ ਪੈਰਾਂ ਨੂੰ ਮੋਰ ਵੇ ਮੈਂ ਵਾਰੀਆਂ
ਬਾਝ ਪਰੇਮੇ ਆਦਮੀ ਵੇ ਮੈਂ ਵਾਰੀਆਂ
ਜੰਗਲੀ ਚੁਗਦੇ ਢੋਰ ਵੇ ਮੈਂ ਵਾਰੀਆਂ
ਉਡ ਖਾਂ ਸ਼ਾਮੀ ਤੋਤਿਆ ਵੇ ਮੈਂ ਵਾਰੀਆਂ
ਮੈਨੂੰ ਰਾਣੀ ਲਿਆਦੇ ਹੋਰ ਵੇ ਮੈਂ ਵਾਰੀਆਂ
ਮੱਖੀ ਮਛੀ ਇਸਤਰੀ ਵੇ ਮੈਂ ਵਾਰੀਆਂ
ਤਿੰਨੇ ਜਾਤ ਕੁਜਾਤ ਵੇ ਮੈਂ ਵਾਰੀਆਂ
ਜਾਂ ਵੇਖਣ ਸਰ ਸੋਹਣਾ ਵੇ ਮੈਂ ਵਾਰੀਆਂ
ਤਹਾਂ ਕਟੀਵਣ ਰਾਤ ਵੇ ਮੈਂ ਵਾਰੀਆਂ

ਢੋਹੜੇ :

ਢੋਹੜੇ ਵਧੇਰੇ ਗਭਰੂਆਂ ਦੇ ਗੀਤ ਹਨ। ਕਣਕ ਵਢਣ ਤੇ ਕਢਣ ਦੀ ਮੰਗ ਆਦਿ ਸਮੇਂ ਖੁਸ਼ੀ ਵਿਚ ਢੋਲ ਦਾ ਡੱਗਾ ਲਗਦਾ ਰਹਿੰਦਾ ਹੈ ਤੇ ਮਾਂਗੀ ਸਾਰਾ ਦਿਨ ਵਾਦੀ ਕਰਦੇ ਰਹਿੰਦੇ ਹਨ। ਤਿਰਕਾਲਾਂ ਨੂੰ ਉਹ ਕੰਨਾਂ ਤੇ ਹਥ ਧਰ ਕੇ ਢੋਹੇ (ਢੋਹੜੇ) ਲਾਉਂਦੇ ਤੇ ਨੱਚਦੇ ਟੱਪਦੇ ਹਰ। ਢੋਹੇ ਦੀਆਂ ਪਹਿ-ਲੀਆਂ ਤੁਕਾਂ ਵੀ ਪਿਛਲੀ ਤੁਕ ਦੇ ਭਾਵ ਨੂੰ ਵਧੇਰੇ ਜ਼ੋਰ ਨਾਲ ਪ੍ਰਗਟ ਕਰਨ ਲਈ ਕਾਫ਼ੀਏ ਦੇ ਤੌਰ ਤੇ ਵਰਤੀਆਂ ਹੁੰਦੀਆਂ ਹਨ ਪਰ ਆਖਰੀ ਤੁਕ ਵਿਚ ਕਹਿਣ ਵਾਲੇ ਦੇ ਭਾਵ ਦਾ ਪੂਰਾ ਜ਼ੋਰ ਹੁੰਦਾ ਹੈ। ਜਿਸ ਤੇ ਤੋੜਾ ਵਜਣ ਨਾਲ ਮੁੰਡੇ ਆਪ ਮੁਹਾਰੇ ਜੋਸ਼ ਨਾਲ ਟੱਪਣ ਲਗ ਪੈਂਦੇ ਹਨ।

'ਬਾਰੀ ਹੇਠ ਖਲੋਤੀਏ, ਮੂਲੀ ਪਤ ਫੜਾ,
ਅੱਗ ਲਗੇ ਤੇਰੇ ਰੂਪ ਨੂੰ, ਥੋੜ੍ਹਾ ਕੱਜਲ ਪਾ।'

ਸਿਠਣੀਆਂ :

ਵਿਆਹ ਆਦਿ ਦੇ ਖੁਸ਼ੀ ਦੇ ਮੌਕੇ ਤੇ ਸਿਠਣੀਆਂ ਮਖੌਲ ਦੇ ਰੂਪ ਵਿਚ ਕੁੜਮਾਂ, ਸਾਲੀਆਂ, ਜੀਜੇ, ਲਾੜਾ ਜਾਂ ਉਸਦੇ ਰਿਸ਼ਤੇਦਾਰਾਂ ਆਦਿ ਨੂੰ ਦਿਤੀਆਂ ਜਾਂਦੀਆਂ ਹਨ :

'ਹੁਣ ਕਿਧਰ ਗਈਆਂ ਵੇ,
ਲਾੜਿਆ ਤੇਰੀਆਂ ਦਾਦਕੀਆਂ
ਉਹ ਤਾਂ ਉਧਲ ਗਈਆਂ ਵੇ,
ਲਾੜਿਆ ਤੇਰੀਆਂ ਦਾਦਕੀਆਂ।
ਖਾਧੀ ਸੀ ਪਿੱਛ, ਜੰਮੇ ਸੀ ਰਿੱਛ
ਖੇਡਾ ਪਾਉਣ ਗਈਆਂ ਵੇ,
ਲਾੜਿਆ ਤੇਰੀਆਂ ਦਾਦਕੀਆਂ
ਖਾਧੇ ਸੀ ਲੱਡੂ, ਜੰਮੇ ਸੀ ਡੱਡੂ,
ਉਹ ਤਾਂ ਛਪੜ ਟੋਬੇ ਗਈਆਂ ਵੇ
ਲਾੜਿਆ ਤੇਰੀਆਂ ਦਾਦਕੀਆਂ
ਖਾਧੀਆਂ ਸੀ ਖਿੱਲਾਂ, ਜੰਮੀਆਂ ਸੀ ਇੱਲਾਂ,
ਇੱਲਾਂ ਉਡਾਉਣ ਗਈਆਂ ਵੇ
ਲਾੜਿਆ ਤੇਰੀਆਂ ਦਾਦਕੀਆਂ।

ਡੋਹੇ :

ਪੰਜਾਬ ਵਿਚ ਵਿਆਹ ਸ਼ਾਦੀਆਂ ਸਮੇਂ ਕੁੜੀ ਦੇ ਪੇਕੇ ਘਰ ਕੁੜਮਾਂ ਦੇ ਘਰੋਂ ਮਿਲਣੀ ਵਾਸਤੇ ਇਸਤਰੀਆਂ ਆਉਂ-ਦੀਆਂ ਹਨ। ਉਸ ਸਮੇਂ ਸਵਾਲਾਂ ਜਵਾਬਾਂ ਦੇ ਰੂਪ ਵਿਚ ਇਹ ਡੋਹੇ ਆਹਮੋ ਸਾਹਮਣੇ ਬੈਠ ਕੇ ਬੋਲੇ ਜਾਂਦੇ ਹਨ। ਡੋਹਾ ਅਸਲ ਵਿਚ ਦੋਹਰੇ ਜਾਂ ਦੋਹੇ ਦਾ ਹੀ ਦੂਜਾ ਰੂਪ ਹੁੰਦਾ ਹੈ, ਪਰ ਹੇਕ ਲੰਬੀ ਕਰਨ ਵਾਸਤੇ ਇਸ ਵਿਚ ਕੁਝ ਵਾਧੂ ਪਦ ਜੋੜ ਲਏ ਜਾਂਦੇ ਹਨ। ਡੋਹਿਆਂ ਵਿਚ ਸਿਠਣੀਆਂ ਵਰਗੇ ਮਖੌਲ ਵੀ ਹੁੰਦੇ ਹਨ, ਪਰ ਇਨ੍ਹਾਂ ਮਖੌਲਾਂ ਦਾ ਜਵਾਬ ਮੁੰਡੇ ਵਾਲੀਆਂ ਬੜੇ ਮਿਠੇ ਡੋਹਿਆਂ ਵਿਚ ਦੇਂਦੀਆਂ ਹਨ :

'ਕੁੜਮੋਂ ਸਾਡੇ ਰਾਜਿਓ ... ਕਿਆ ਜੀਓ,
ਤੁਸੀਂ ਦਾਤਾਂ ਦੇ ਭੰਡਾਰ
ਧੀ ਤੁਹਾਡੀ ਰੁਕਮਣੀ, ਸਾਡੇ ਬੂਹੇ ਦਾ,
ਵੇ ਜੀਵਨ ਜੋਗਿਓ, ਸ਼ਿੰਗਾਰ।'

ਕਾਮਨ :

ਕਾਮਨ ਵੀ ਸਿਠਣੀਆਂ ਵਾਂਗ ਹੀ ਹੁੰਦੇ ਹਨ। ਕਾਮਨ ਦਾ ਅਰਥ ਹੈ ਜਾਦੂ ਟੂਣਾ। ਕਾਮਨ ਦਾ ਭਾਵ ਹੁੰਦਾ ਹੈ— ਵਿਆਹ ਤੋਂ ਬਾਅਦ ਪਹਿਲਾਂ ਪਹਿਲ ਜਦ ਲਾੜਾ ਸਹੁਰੇ ਘਰ ਆਵੇ ਤਾਂ ਕਾਮਨਾਂ ਦੇ ਜ਼ੋਰ ਨਾਲ ਬੰਦਲ ਜਾਏ। ਇਹ ਵੀ ਹਾਸੇ ਮਖੌਲ ਲਈ ਪਾਏ ਜਾਂਦੇ ਹਨ :

'ਕਾਮਨ ਪੈਨੀਆਂ ਉਤੇ ਮੂੜੇ,
ਸਾਲੀਆਂ ਮੰਗਦੀਆਂ ਚਾਂਦੀ ਦੇ ਚੂੜੇ,
ਘੜਾ ਵੇ ਅਮੀਰਾ, ਸਿਰ ਜਰੀਏ ਦਾ ਚੀਰਾ,
ਮੈਂ ਔਂਦੇ ਓ ਸਜਨ ਮਨਾਨੀਆਂ।'

ਝੂਮਰ :

ਇਹ ਲਹਿੰਦੇ ਪੰਜਾਬ ਦਾ ਲੋਕ ਨਾਚ ਹੈ। ਅਜਕਲ ਪੂਰਬੀ ਪੰਜਾਬ ਵਿਚ ਵੀ ਇਹ ਕਾਫੀ ਪ੍ਰਚਲਤ ਹੋ ਚੁਕਾ ਹੈ। ਭੰਗੜੇ ਨਾਚ ਵਾਂਗ ਇਹ ਨਾਚ ਵੀ ਢੋਲ ਦੇ ਡੱਗੇ ਦੇ ਗੀਤ ਦੇ ਲੋਅ ਦੀ ਤਾਨ ਤੇ ਨਚਿਆ ਜਾਂਦਾ ਹੈ :

ਮੈਨੂੰ ਖਾਣ ਪੁੰਨਣ ਦੀਆਂ ਮੁੱਝਾਂ,
ਜਿਵੇਂ ਥਲ ਵਿਚ ਰੋਂਦੀਆਂ ਕੂੰਜਾਂ,
ਗਿਆ ਢੋਲ ਤੇ ਅੱਥਰੂ ਪੂੰਝਾਂ,
ਭਾਵੇਂ ਜਾਣੇ ਭਾਵੇਂ ਨਾ ਜਾਣੇ,
ਮੇਰਾ ਢੋਲ ਜੁਆਨੀਆਂ ਮਾਣੇ।'
ਮੇਰਾ ਸਾਂਵਲ ਜੁਆਨੀਆਂ ਮਾਣੇ।

ਸੁਹਾਗ :

ਸੁਹਾਗ ਕੁੜੀ ਦੇ ਵਿਆਹ ਸਬੰਧੀ ਇਕ ਖਾਸ ਪ੍ਰਕਾਰ ਦੇ ਗੀਤ ਨੂੰ ਕਿਹਾ ਜਾਂਦਾ ਹੈ। ਕੁੜੀ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਘਰਾਂ ਵਿਚੋਂ ਇਕੱਠੀਆਂ ਹੋ ਕੇ ਕੁੜੀਆਂ ਸੁਹਾਗ ਗਾਉਣੇ ਸ਼ੁਰੂ ਕਰ ਦਿੰਦੀਆਂ ਹਨ। ਇਨ੍ਹਾਂ ਗੀਤਾਂ ਵਿਚ ਹੀ ਸਵਾਲ ਜਵਾਬ ਹੁੰਦੇ ਹਨ, ਜੋ ਕੁੜੀਆਂ ਗੀਤ ਦੇ ਵਿਚੋਂ ਵਿਚ ਹੀ ਬੋਲੀ ਜਾਂਦੀਆਂ ਹਨ :

'ਬੇਟੀ, ਚੰਨਣ ਦੇ ਉਹਲੇ ਉਹਲੇ ਕਿਉਂ ਖੜੀ ?
ਨੀ ਜਾਈਏ, ਚੰਨਣ ਦੇ ਉਹਲੇ ਉਹਲੇ ਕਿਉਂ ਖੜੀ ?'
'ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਬਾਰ,
ਬਾਬਲ ! ਵਰ ਲੋੜੀਏ।'
'ਬੇਟੀ ! ਕਿਹੋ ਜਿਹਾ ਵਰ ਲੋੜੀਏ ?
ਨੀ ਜਾਈਏ ! ਕਿਹੋ ਜਿਹਾ ਵਰ ਲੋੜੀਏ ?'
'ਬਾਬਲ ! ਜਿਉਂ ਤਾਰਿਆਂ ਵਿਚੋਂ ਚੰਨ,
ਚੰਨਾਂ ਵਿਚੋਂ ਕਾਨ੍ਹ, ਕਨ੍ਹਈਆ ਵਰ ਲੋੜੀਏ।'

ਘੋੜੀਆਂ :

ਸੁਹਾਗ ਦੇ ਉਲਟ ਮੁੰਡੇ ਦੇ ਵਿਆਹ ਸਮੇਂ ਇਕ ਖਾਸ ਪ੍ਰਕਾਰ ਦੇ ਗੀਤਾਂ ਨੂੰ ਘੋੜੀ ਜਾਂ ਘੋੜੀਆਂ ਕਿਹਾ ਜਾਂਦਾ ਹੈ। ਇਹ ਗੀਤ ਵੀ ਕੁੜੀਆਂ ਘਰਾਂ ਵਿਚੋਂ ਇਕਠੀਆਂ ਹੋ ਕੇ ਮੁੰਡੇ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਗਾਉਣੇ ਸ਼ੁਰੂ ਕਰ ਦਿੰਦੀਆਂ ਹਨ :

'ਇਕ ਜੋ ਘੋੜੀ ਹਿਣਕਦੀ ਪਟਿਆਲੇ ਚੋਂ ਆਈ,
ਮੁੱਲ ਲਈ ਮੇਰੇ ਬਾਪ ਨੇ ਘਰ ਘਰ ਹੋਈ ਏ ਵਧਾਈ।
ਅਰਣ ਵਰਣ ਵੀਰਾ ਕਪੜੇ ਕੇਸਰ ਹੋਈ ਛਿੜਕਾਈ,
ਵਾਗ ਪਕੜ ਵੀਰਾ ਚੜ੍ਹ ਗਿਆ ਆਪਣੀ ਚਤੁਰਾਈ।
ਮੋਹਰੇ ਘੋੜਾ ਵੀਰ ਦਾ ਮਗਰ ਭਾਬੀ ਦਾ ਡੋਲਾ।

ਲੋਰੀਆਂ :

ਨਵੇਂ ਬੱਚੇ ਦੇ ਜਨਮ ਲੈਣ ਸਮੇਂ, ਉਸਨੂੰ ਖਿਡਾਉਣ ਲਈ ਜਾਂ ਰੋਂਦੇ ਨੂੰ ਚੁਪ ਕਰਾਉਣ ਲਈ ਮਾਵਾਂ ਜੋ ਗੀਤ ਗਾਉਂਦੀਆਂ, ਉਨ੍ਹਾਂ ਨੂੰ ਲੋਰੀਆਂ ਕਿਹਾ ਜਾਂਦਾ ਹੈ :

'ਅੱਲੜ ਬੱਲੜ ਬਾਵੇ ਦਾ, ਬਾਵੇ ਦਾ,
ਬਾਵਾ ਕਣਕ ਲਿਆਵੇਗਾ, ਲਿਆਵੇਗਾ,
ਅੰਮਾਂ ਬਹਿ ਕੇ ਛੱਟੇਗੀ, ਛੱਟੇਗੀ,
ਪੁੱਤਰ ਬਹਿ ਕੇ ਖਾਵੇਗਾ, ਖਾਵੇਗਾ।'

ਛੰਦ :

ਲਾੜੇ ਦੀ ਬੁਧੀ ਪਰਖਣ ਲਈ ਉਸਨੂੰ ਵਿਆਹ ਜਾਂ ਮੁਕਲਾਵੇ ਸਮੇਂ 'ਛੰਦ' ਸੁਣਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਇਨ੍ਹਾਂ ਸੁਣਨ-ਸੁਣਾਉਣ ਦਾ ਇਕ ਵਿਸ਼ੇਸ਼ ਮੰਤਵ ਲਾੜੇ ਦਾ ਬੋਲਣ ਦਾ ਝਾਕਾ ਖੋਲ੍ਹਣ ਤੋਂ ਹੁੰਦਾ ਹੈ। ਇਨ੍ਹਾਂ ਰਾਹੀਂ ਲਾੜਾ ਆਪਣੀਆਂ ਸਾਲੀਆਂ ਵਗੈਰਾ ਨਾਲ ਖੁਲ੍ਹ ਕੇ ਗਲ ਕਰਦਾ ਹੈ :

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਪਹੀਆ,
ਦੂਜਾ ਛੰਦ ਤਾਂ ਸੁਣਾਵਾਂ, ਜੇ ਸੱਸ ਦੇਵੇ ਰੁਪਈਆ।'

ਢੋਲਾ ... ਝੋਕ :

ਝੋਕ ਪੰਜਾਬ ਦੇ ਬੜੇ ਪਿਆਰੇ ਗੀਤ ਹਨ। ਇਨ੍ਹਾਂ ਦੀ ਧਾਰਨਾ ਬੜੀ ਮਿਠੀ ਹੁੰਦੀ ਹੈ। ਇਹ ਵਧੇਰੇ ਹੂਕ ਹੂਕ ਕੇ ਗਾਏ ਜਾਂਦੇ ਹਨ :

'ਵਗਦੀ ਏ ਰਾਵੀ ਵਿਚ ਸੁਟਦੀਆਂ ਗਨੇਰੀਆਂ,
ਆਪ ਤੁਰ ਚੱਲਿਓਂ ਸਾਨੂੰ ਦੇਵੇਂ ਦਲੇਰੀਆਂ।'
'ਝੋਕ ਮੌਲਾ ਵਾਲੀ ਹੋਈ ਮਨਜ਼ੂਰ ਵੇ,
ਅਖੀਆਂ ਤੋਂ ਨੇੜੇ ਸਾਡੇ ਕਦਮਾਂ ਤੋਂ ਦੂਰ ਵੇ।'

ਲੰਮੇ ਗੀਤ :

ਮਾਲਵੇ ਤੇ ਦੁਆਬੇ ਦੀ ਧਰਤੀ ਵਿਚ ਅਣਗਿਣਤ ਵਖ ਵਖ ਵੰਨਗੀਆਂ ਦੇ ਹੋਰ ਲੰਮੇ ਗੀਤ ਮਿਲਦੇ ਹਨ। ਉਹ ਰਸਮਾਂ ਖਿਆਲਾਂ ਦੇ ਵੇਗ ਵਿਚ ਆਪ-ਮੁਹਾਰੇ ਵੇਗ ਦੁਰੰਦੇ ਤੇ ਭਾਵਾਂ ਦੇ ਜ਼ੋਰ ਨਾਲ ਆਪਣੀ ਆਪ ਲੜੀ ਵਾਰ ਪਰੋ ਹੁੰਦੇ ਗਏ ਹਨ :

# BUYING, SELLING OR TRADING

* HOMES, NEW OR OLD
* COMMERCIAL PROPERTIES OR SITES
* APARTMENT BLOCKS
* FARMS, LAND, HOME ACREAGE
  or any other real estate need

**FOR FREE CONSULTATION AND**
**PROFESSIONAL REAL ESTATE SERVICE**
**PLEASE CONTACT**
**WITHOUT ANY OBLIGATION**



## AJAIB JANDA

*Serving You Since 1971*

**OFFICE 321-6881**

**RES.: 434-4660 434-2393**

**TOP SALESMAN IN CAMBIE OFFICE**
**AND MEMBER OF THE DIAMOND CLUB**

BB

# BLOCK BROS. REALTY LTD.

ਸਥਾਈ ਕਾਲਮ
**ਸੰਜੀਵਨੀ ਬੂਟੀ**
(ਹਾਸ ਰਸ)

# ਸਾਹਿੱਤ ਦੇ ਪਿੜ ਅੰਦਰ

– 'ਸੰਕਲਪ' ਮਹਾਂਪੁਰ (ਨੰ: 5) ਵਿੱਚੋਂ –

1. ਇਕ ਸਾਹਿੱਤ ਸਭਾ'ਚ ਕਵੀ ਨੇ ਕਵਿਤਾ ਪੜ੍ਹੀ 'ਨਿਗਾਹ ਦਾ ਬੂਟੜਾ।' ਬੜੀ ਦਿਲ ਚਸਪ ਬਹਿਸ ਹੋਈ। ਇਕ ਪ੍ਰੋਫੈਸਰ ਘੱਟ ਤੇ ਗਿਆਨੀ ਜ਼ਿਆਦਾ ਵਰਗੇ ਬੰਦੇ ਨੇ ਕਿਹਾ:

ਇਹ ਕਵਿਤਾ ਬੜੀ ਮਹਾਨ ਹੈ ਨਿਗ੍ਹਾ ਦਾ ਬੂਟਾ ਕਹਿਕੇ ਕਵੀ ਨੇ ਪੰਜਾਬੀ ਕਵਿਤਾ ਦੀ ਪਰੰਪਰਾ ਨੂੰ ਬਰਕਰਾਰ ਰੱਖਿਆ ਹੈ। ਪੰਜਾਬੀ ਕਵਿਤਾ ਦਾ ਸੰਬੰਧ ਸਦਾ ਹੀ ਖੇਤੀਬਾੜੀ ਨਾਲ ਰਿਹਾ ਹੈ—ਇਹ ਸੰਬੰਧ ਅਟੁੱਟ ਹੈ।

ਦੂਜੇ ਅਲੋਚਕ ਮਹੋਦੇ ਬੋਲੇ: ਕਵੀ ਅਧੁਨਿਕ ਸਮਾਜਕ ਸਮੱਸਿਆਵਾਂ ਲਹਿਰਾਂ, ਝੁਕਾਵਾਂ ਨਾਲ ਵਾਕਫੀ ਰੱਖਦਾ ਹੈ। ਅੱਜ ਕੱਲ੍ਹ ਬਰਸਾਤ ਦਾ ਮੌਸਮ ਹੈ ਤੇ ਇਸ ਮਹੀਨੇ ਵਣ ਮਹਾਂ-ਉਤਸਵ ਮਨਾਇਆ ਜਾਂਦਾ ਹੈ। ਕਵਿਤਾ ਦੀ ਉਤਪਤੀ ਦਾ ਕਾਰਣ ਕਵੀ ਦੇ ਅਚੇਤ ਮਨ ਤੇ ਇਸੇ ਉਤਸਵ ਦਾ ਪ੍ਰਭਾਵ ਹੈ।" ਇਕ ਸਾਧਾਰਣ ਜਿਹੇ ਬੰਦੇ ਨੇ ਪੁਛਿਆ:

"ਕਵਿਤਾ ਵੀ ਚੰਗੀ ਹੋਵੇਗੀ, ਤੇ ਤੁਹਾਡੀ ਬਹਿਸ ਵੀ। ਪਰ ਮੈਨੂੰ ਇਹ ਦੱਸੋ ਪਈ ਨਿਗ੍ਹਾ ਦੇ ਇਸ ਬੂਟੇ ਨੂੰ ਕੋਈ ਫਲ ਭੀ ਲੱਗਦੇ ?

2. "ਪੰਜਾਬੀ ਦੇ ਦੋ ਮਹਾਨ ਸਾਹਿੱਤਕਾਰਾਂ ਦੇ ਨਾਂ ਲੈ"

"ਮੈਂ ਤੇ ਤੂੰ"

"ਬਿਲਕੁਲ ਗ਼ਲਤ"

"ਬਿਲਕੁਲ ਗ਼ਲਤ ਤਾਂ ਨਹੀਂ ਹੋ ਸਕਦਾ ਫ਼ਿਫ਼ਟੀ ਪਰਸੈਂਟ ਤਾਂ ਠੀਕ ਹੈ ਕਿਉਂਕਿ ਮੈਂ ਆਪਣੇ ਬਾਰੇ ਜ਼ਰੂਰ ਜਾਣਦਾ ਹਾਂ ਕਿ ਮੈਂ ਪੰਜਾਬੀ ਦਾ ਮਹਾਨ ਸਾਹਿੱਤਕਾਰ ਹਾਂ।"

"ਆਈ ਐਮ ਸੌਰੀ—ਤੇਰਾ ਉੱਤਰ ਵਾਕਈ ਫਿਫ਼ਟੀ ਪਰਸੈਂਟ ਠੀਕ ਹੈ। ਪੰਜਾਬੀ ਦੇ ਦੋ ਵੱਡੇ ਸਾਹਿੱਤਕਾਰ ਹਨ—ਮੈਂ ਤੇ ਮੈਂ"

3. ਸ਼ੇਅਰ ਸੁਣੇਂਗਾ ?—'ਸੁਣਾਉ।'

ਕਿੱਦਾਂ ਦਾ ?—'ਚੋਂਦਾ ਚੋਂਦਾ, ਮਸਾਲੇਦਾਰ।'

ਮਿਰਚਾਂ ਪਾਵਾਂ ਕਿ ਨਾ ? – 'ਪਾ ਦਿਉ ਕਾਲੀਆਂ। ਲਾਲ ਨਹੀਂ।'

ਕਿਉਂ ਲਾਲ ਮਿਰਚਾਂ ਤਾਂ ਸਵਾਦੀ ਹੁੰਦੀਆਂ ਨੇ ?

'ਜੀ ਹੁੰਦੀਆਂ ਤਾਂ ਹਨ, ਪਰ ਡਾਕਟਰ ਨੇ ਕਿਹਾ, ਮਿਰਚਾਂ ਕਾਲੀਆਂ ਖਾਇਆ ਕਰ।'

ਫਿਰ ਸ਼ੇਅਰ ਵੀ ਨਾ ਸੁਣੋ। ਮਤੇ ਕੋਈ ਨੁਕਸਾਨ ਕਰ ਦੇਣ ?

'ਪਰ ਮੈਨੂੰ ਸ਼ੇਅਰ ਸੁਣਨ ਦਾ ਤਾਂ ਸ਼ੌਂਸ ਹੈ।'

ਲਾਲ ਮਿਰਚਾਂ ਤੋਂ ਬਿਨਾਂ ਤਾਂ ਸ਼ੇਅਰ ਬਣਦਾ ਹੀ ਨਹੀਂ।

'ਫਿਰ ਕੀ ਕਰਾਂ'

ਬੱਸ, ਪੰਜਾਬੀ ਅਖਬਾਰਾਂ ਦੇ ਐਡੀਟੋਰੀਅਲ ਪੜ੍ਹ ਲਿਆ ਕਰ।

4. ਕਾਮ ਬੜਈ—ਕਾਮ ਕਵੀ।

ਮੰਜੀ ਪੀੜ੍ਹੀ ਠੀਕ ਕਰਵਾ ਲਉ।
ਸਿੱਖਿਆ ਸਿਹਰਾ ਮਰਸੀਆ ਲਿਖਵਾ ਲਉ।
ਟੁੱਟੇ ਫੁੱਟੇ ਸ਼ੇਅਰਾਂ ਦੀ ਮੁਰੰਮਤ ਕਰਵਾ ਲਉ।
ਚੂਲਾਂ ਠੀਕ ਕਰਵਾ ਲਉ। ਕਵਿਤਾ ਤੇ ਪਾਲਸ਼ ਕਰਵਾ ਲਉ।
ਕਾਮ ਬੜ੍ਹਈ—ਕਾਮ ਕਵੀ।

5. ਪੰਜਾਬੀ ਗ਼ਜ਼ਲ ਦਾ ਇਕ ਸ਼ੇਅਰ ਹੈ—

ਤੇਰਿਆਂ ਬੁਲ੍ਹਾਂ ਦਾ ਚੁੰਮਣ ਇਸ ਤਰ੍ਹਾਂ ਕੁਝ ਲੱਗਿਆ
ਜਿਸ ਤਰ੍ਹਾਂ ਕੋਹਲੂ ਤੇ ਬੈਠਾ ਤਾਜਾ ਰਸ ਪੀਂਦਾਂ ਹਾਂ ਮੈਂ।

ਅਗਲਾ ਸ਼ੇਅਰ ਹੋਰ ਵੀ ਜ਼ੋਰਦਾਰ ਹੈ—

ਤੇਰੀਆਂ ਜ਼ੁਲਫ਼ਾਂ 'ਚ ਅਲਸੀ ਤੋਰੀਏ ਦੀ ਬਾਸ ਹੈ
ਵੇਖ ਸਰ੍ਹਿਉਂ ਵਾਂਗ ਪੀਲਾ ਹੋ ਕੇ ਵੀ ਜੀਂਦਾ ਹਾਂ ਮੈਂ।

"ਕਹਾਂ ਹੈ ਗਜ਼ਲਖਾਨੇ ਉਰਦੂ ਕਹਾਂ ਹੈ
ਉਨ੍ਹਾਂ ਨੂੰ ਇਹ ਮਿਸਰੇ ਇਹ ਗ਼ਜ਼ਲਾਂ ਦਿਖਾਓ
ਪੰਜਾਬੀ ਦੇ ਕਵੀਆਂ ਦੇ ਸਾਹਵੇਂ ਲਿਆਓ
ਕਹੋ ਸ਼ੇਅਰ ਐਦਾਂ ਦਾ ਇਕ ਤੇ ਸੁਣਾਓ
ਕਹਾਂ ਹੈ ਗ਼ਜ਼ਲਖਾਨੇ ਉਰਦੂ ਕਹਾਂ ਹੈ"

6. "ਦ੍ਵੰਦਆਤਮਕ ਭੌਤਕਵਾਦ ਦੇ ਵਿਕਾਸ ਮਗਰੋਂ ਆਤਮਕ ਬਲ ਦੀ ਪ੍ਰਬਲਤ ਤੇ ਅਧਿਆਤਮਕ ਅਤੇ ਮੈਟਾਫਿਜ਼ੀਕਲ ਰੁਚੀਆਂ ਦੀ ਹੀਣਤਾ ਕਾਰਣ, ਜੋ ਜੀਵਨ ਸਿਧਾਂਤ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਸਡੇ ਅਚੇਤ ਤੇ ਸੁਚੇਤ ਮਨ ਵਿਚ ਪਲਰਹੀਆਂ ਅਭਲਖਾਵਾਂ ਤੇ ਇਛਾਵਾਂ ਆਪਣੀ ਤ੍ਰਿਪਤੀ ਲਈ ਵੱਧ ਤੋਂ ਵੱਧ ਪ੍ਰਤੱਖਤਾ, ਸੱਚਤਾ, ਗਿਆਨਤਾ ਤੇ ਚਾਨਣਤਾ ਉਪਰ ਨਿਰਭਰ ਹੋ ਰਹੀਆਂ ਹਨ।" ਸਾਡੇ ਇਕ ਸਿਆਣੇ ਆਲੋਚਕ ਦੇ ਉਪਰੋਕਤ ਕਥਨ ਵਿਚ ਜੋ ਗੱਲ ਕਹੀ ਗਈ ਹੈ ਉਹ ਕੇਵਲ ਇਹ ਹੈ ਕਿ—

"ਸੱਚ ਬੋਲਣਾ ਚੰਗੀ ਚੀਜ਼ ਹੈ।"

7. ਬੁਲ੍ਹ—ਗੁਲਾਬ ਦੇ ਫੁੱਲ ਪੱਤੀਆਂ

ਗੱਲ੍ਹਾਂ · ਕਸਮੀਰੀ ਸੇਬ

ਅੱਖਾਂ—ਨਰਗਸ ਦੇ ਫੁੱਲ

ਦੰਦ—ਮੋਤੀਏ ਦੀਆਂ ਕਲੀਆਂ

ਮਤਲਬ ਇਹ ਕਿ ਸਾਡੇ ਸਾਹਿੱਤਕਾਰਾਂ ਨੇ ਪ੍ਰੇਮਕਾ ਦੇ ਚਿਹਰੇ ਨੂੰ ਚਿਹਰੇ ਦੀ ਥਾਂ ਕਿਸੇ ਮਾਲੀ ਦਾ ਟੁਰਦਾ ਫਿਰਦਾ ਸ਼ੋ-ਕੇਸ ਸਮਝ ਰੱਖਿਆ ਹੈ ?

8. "ਮੈਂ ਤੇਰੇ ਉਤੇ ਇਕ ਅਜਿਹੀ ਕਵਿਤਾ ਲਿਖਾਂਗਾ ਕਿ ਤੂੰ ਅਮਰ ਹੋ ਜਾਏਂਗੀ।"

"ਮੈਂ ਤੈਨੂੰ ਆਪਣੀ ਅਗਲੀ ਕਹਾਣੀ ਦੀ ਨਾਇਕਾ ਬਣਾ ਕੇ ਪੇਸ਼ ਕਰਾਂਗਾ ਤੇ ਤੇਰਾ ਨਾਂ ਰਹਿੰਦੀ ਦੁਨੀਆਂ ਤੱਕ ਅਮਰ ਹੋ ਜਾਵੇਗਾ।"

"ਉਫ, ਤੇਰਾ ਜੀਵਨ ਕਿਨਾ ਪੁਰ ਸੋਜ ਏ। ਮੇਰੇ ਨਾਵਲ ਲਈ ਇਸ ਵਿਚ ਕਿੰਨਾ ਮਸਾਲਾ ਹੈ।"

ਇਹ ਸਭ ਠੀਕ ਹੈ।

ਪਰ ਜਦ ਮੇਰਾ ਉਹ ਟਾਂਗੇ ਵਾਲਾ ਯਾਰ ਆ ਕੇ ਇਹ ਕਹਿੰਦਾ ਏ, "ਸਕੀਨਾ, ਉਠ ਮੈਂ ਤੇਰੇ ਲਈ ਨਾਨ ਤੇ ਰੋਗਨ ਜੋਸ਼ ਦੀ ਪਲੇਟ ਲਿਆਇਆ ਹਾਂ—ਨਨ੍ਹਏ ਦੀ ਦੁਕਾਨ ਤੋਂ ਤਾਂ ਉਹ ਇਹਨਾ ਸਾਰਿਆਂ ਉੱਪਰ ਛਾ ਜਾਂਦਾ ਏ।

9. ਕੀ ਤੁਸੀਂ ਸਾਹਿੱਤ ਅਕੈਡਮੀ ਦੇ ਮੈਂਬਰ ਹੋ ?—"ਜੀ ਨਹੀਂ।"

ਕੀ ਤੁਸੀਂ ਪ੍ਰੋਫੈਸਰ ਹੋ ?—"ਜੀ ਨਹੀਂ।"

ਤਾਂ ਫੇਰ ਜ਼ਰੂਰ ਕਿਸੇ ਸ ਹਿੱਤ ਸਭਾ ਦੇ ਸਕੱਤਰ ਹੋ—"ਜੀ ਬਿਲਕੁਲ ਨਹੀਂ
ਕੀ ਤੁਸੀਂ ਕਿਸੇ ਅਖ਼ਬਾਰ ਦੇ ਦਫ਼ਤਰ'ਚ ਨੌਕਰ ਹੋ—"ਨਹੀਂ ਜਨਾਬ।"
ਅੱਛਾ ਮੈਂ ਸਮਝ ਗਿਆ ਤੁਸੀਂ ਜ਼ਰੂਰ ਆਕਾਸ਼ਬਾਣੀ'ਚ ਅਨਾਂਊਸਰ ਜਾਂ
ਜਾਂ ਉਲਥਾਕਾਰ ਹੋਵੋਂਗੇ।?
"ਜੀ ਨਹੀਂ ਮੇਰੀ ਤਾਂ ਮੁਨਿਆਰੀ ਦੀ ਛੋਟੀ ਜਿਹੀ ਦੁਕਾਨ ਹੈ।"
ਹੂੰ—ਹੂੰ। ਮੈਂ ਵੀ ਕਹਾਂ, ਤੁਹਾਡੀ ਕਵਿਤਾ' ਚੋਂ ਨਵੀਂ ਮਾਵਾ ਲੱਗੀ ਬੁਨੈਣ
ਵਰਗੀ ਮੁਸ਼ਕ ਕਿਉਂ ਆਉਂਦੀ ਹੈ।

10 ਜਦੋਂ ਇਕ ਪ੍ਰਸਿਧ ਮੂਰਤੀ ਕਾਰ ਨੂੰ ਪਤਾ ਲੱਗਾ ਕਿ ਉਸ ਦੀ ਇਕ ਮੂਰਤੀ
ਚੋਰਾਹੇ ਤੇ ਖੜ੍ਹੀ ਕਰਨ ਲਈ ਦੋ ਲੱਖ ਰੁਪਿਆ ਇੱਕਠਾ ਕੀਤਾ ਜਾ ਰਿਹੈ ਤਾਂ
ਉਹ ਬੋਲਿਆ "ਇਸ ਨਾਲੋਂ ਅੱਧੀ ਰਕਮ ਤੇ ਤਾਂ ਮੈਂ ਆਪ ਹੀ ਚੋਰਾਹੇ ਤੇ
ਤੇ ਖੜਾ ਹੋ ਸਕਦਾ ਹਾ।"

11. ਕੀ ਤੂੰ ਕਿਸੇ ਸਾਹਿੱਤਕ ਮੀਟਿੰਗ 'ਚੋਂ ਆ ਰਿਹੈਂ ?
ਨਹੀਂ—?
ਫੇਰ ਤੇਰੇ ਕੱਪੜੇ ਕਿਵੇਂ ਗੰਦੇ ਹੋ ਗਏ ?

12. ਹੈਲੋ !——ਹੈਲੋ ! ਕੌਣ !
ਸੁਣਾਉ ਕੀ ਹਾਲ ਐ——ਬੱਸ ਜੀਅ ਰਹੇਆਂ ਤੇਰੇ ਸਹਾਰੇ।
ਹੁਣ ਤਾਂ ਤੂੰ ਵੱਡਾ ਕਹਾਣੀਕਾਰ ਬਣ ਗਿਆਂ
——(ਅੱਗੋਂ ਸਿਰਫ਼ 'ਹੂੰ' ਦੀ ਆਵਾਜ਼ ਆਉਂਦੀ ਹੈ।)
ਜੋ ਤੇਰੀ ਕਹਾਣੀ ਅਨੁਵਾਦ ਹੋ ਕੇ ਛਪੀ ਹੈ, ਮੈਂ ਪੜ੍ਹ ਲਈ।
———(ਹੁਣ ਅੱਗੋਂ ਬਿਲਕੁਲ ਚੁੱਪ ਹੈ।)
ਕਹਾਣੀ ਬੜੀ ਖ਼ੂਬਸੂਰਤ ਹੈ। ਥੀਮ ਤਾਂ ਬਿਲਕੁਲ ਨਵਾਂ। ਫਿਰ ਜਿਸ
ਸਫ਼ਲਤਾ ਨਾਲ ਤੂੰ ਗੱਲ ਨੂੰ ਹੈਂਡਲ ਕੀਤਾ, ਉਹਦਾ ਤਾਂ ਕਹਿਣਾ ਹੀ ਕੀ ?
————।
ਨਾਲੇ ਸੈਕਸ ਤੇ ਗੱਲ ਕਹਿਣੀ ਮਾਅਨੇ ਰੱਖਦੀ ਹੈ। ਹਰਿਕ ਇਸ ਮਾਮਲੇ 'ਤੇ
ਨਹੀਂ ਲਿਖ ਸਕਦਾ। ਕਰੈਕਟਰਾਂ ਦੇ ਇਮੋਸ਼ਨਜ਼ ਤੇ ਸੈਂਟੀਮੈਂਟਸ ਨੂੰ ਬੜੀ
ਚੰਗੀ ਤਰ੍ਹਾਂ ਪੇਂਟ ਕੀਤਾ ਹੈ ———। ਅੱਛਾ ਗੱਲ ਸੁਣ, ਤੇਰੇ ਕੋਲ ਦੱਸ ਕੁ
ਰੁਪਏ ਹੈ ਤਾਂ ਦੇ ਮੈਨੂੰ——।


ATTENTION!

**Doctors, Businessmen, Clerks, Factory Workers, Farmers, Everybody; if people are not paying debts to you —**

**If you need business & credit advice, then for professional help, contact:**

***EXECUTIVE CREDIT CONSULTANT***

**No. 35 — 448 SEYMOUR STREET**
**VANCOUVER, B.C., V6B 3H3**

**TELEPHONE:**
**669-5251 / 438-5613 (24 Hrs.)**

SOME OF THE MEMBERS OF OUR STAFF SPEAK ALL EAST INDIAN LANGUAGES



BLOCK BROS REALTORS

**AMARJIT S. GILL**

**PHONE:**
**Res. 278-5443**
**OFF. 321-6881**

**BUY SELL TRADE**

**Real Estate**

- LOTS
- HOUSES
- ACREAGE

# HARPAL TOOR



ਹਰਪਾਲ ਤੂਰ

OF

**MELTON**

FORMERLY A. E. AUSTIN

1435 Kingsway, Vancouver, B.C.

Specialists in

* HOMES — New or old
* APARTMENT Blocks or Revenue
* FARMS, Acres or Lots

or any other real estate service

Mobile radio 38

## OFF:879-7571 RES: 524-9848

---

HAPPY 1976 FROM
Your Friendly Travel Agency

# PAMELA INTERNATIONAL TRAVEL SERVICE

4877 MAIN STREET, VANCOUVER, B.C.     PHONE: 876-2248

SERVING YOU AT DIFFERENT LOCATIONS:
**DELHI, BAGKOK, HONG KONG & LOS ANGELES**

SPECIALIZE IN FARES TO
**INDIA, LONDON, HONG KONG, TOKYO, FIJI, SINGAPORE, BANGKOK**

**FOR ALL YOUR TRAVEL NEEDS**
**CONTACT**

**PAMTRAVELS — 876-2248**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਮਾਸਕ-ਪੱਤਰ : ਵਤਨੋਂ ਦੂਰ
LITERARY & CULTURAL MONTHLY OF PANJABI
THE WATNO DŪR
P.O. Box 1041, Coquitlam, B.C., Canada, V3J 6Z4
Second Class Mail Registration No. 3233
VOL. 4 DEC. 75 & JAN. 76 SNO 30-31


# DALJIT SANDHU

OFFERS

PROFESSIONAL ADVICE ON

HOW TO SAVE MONEY ON INCOME TAX

THROUGH A NATIONAL LIFE REGISTERED RETIREMENT SAVINGS PLAN

## CALL DALJIT FOR AN OPPOINTMENT TO—DAY!



DALJIT SANDHU
Member President's Gold Club

DALJIT SANDHU has been recognized by National Life as one of its top professional representatives with membership in the Company President's Gold Club. Daljit Sandhu has served his clients in a responsible professional and dedicated manner.

Mel S. Unickow
Manager

## OFFICE : 685-7231 RES: 278-0491

SEE DALJIT FOR
LIFE INSURANCE
EDUCATION PLANS
MORTGAGE PLANS

# NATIONAL LIFE OF CANADA

501-1155 WEST PENDER, VANCOUVER, B. C.